# ਕੇਸ ਦਾ ਫ਼ੈਸਲਾ 2021-003-FB-UA

## ਕੇਸ ਦਾ ਸਾਰਾਂਸ਼

ਓਵਰਸਾਈਟ ਬੋਰਡ ਨੇ Facebook ਦੇ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾਂ ਦੇ ਅਧੀਨ ਪੋਸਟ ਹਟਾਉਣ ਦੇ ਫ਼ੈਸਲੇ ਨੂੰ ਪਲਟ ਦਿੱਤਾ ਹੈ। ਬੋਰਡ ਵੱਲੋਂ ਇਸ ਕੇਸ ਦੀ ਸਮੀਖਿਆ ਲਈ ਪਛਾਣ ਕਰਨ ਤੋਂ ਬਾਅਦ, Facebook ਨੇ ਸਮੱਗਰੀ ਨੂੰ ਮੁੜ-ਬਹਾਲ ਕਰ ਦਿੱਤਾ ਹੈ। ਬੋਰਡ ਨੇ ਚਿੰਤਾ ਜ਼ਾਹਰ ਕੀਤੀ ਕਿ Facebook ਨੇ ਆਪਣੇ ਮੂਲ ਫ਼ੈਸਲੇ ਦੇ ਖਿਲਾਫ਼ ਯੂਜ਼ਰ ਦੀ ਅਪੀਲ 'ਤੇ ਸਮੀਖਿਆ ਨਹੀਂ ਕੀਤੀ। ਬੋਰਡ ਨੇ ਕੰਪਨੀ ਨੂੰ ਬੇਨਤੀ ਕੀਤੀ ਹੈ ਕਿ ਉਹ ਅਜਿਹੀਆਂ ਗਲਤੀਆਂ ਤੋਂ ਬਚਣ ਲਈ ਲੋੜੀਂਦੀ ਕਾਰਵਾਈ ਕਰੇ, ਜਿਨ੍ਹਾਂ ਕਰਕੇ ਧਾਰਮਿਕ ਘੱਟ-ਗਿਣਤੀਆਂ ਦੀਆਂ ਆਵਾਜ਼ਾਂ ਦਬਦੀਆਂ ਹਨ।

### ਕੇਸ ਦੀ ਜਾਣਕਾਰੀ

ਨਵੰਬਰ 2020 ਵਿੱਚ, ਇੱਕ ਯੂਜ਼ਰ ਨੇ ਪੰਜਾਬੀ-ਭਾਸ਼ਾ ਵਾਲੀ ਆਨਲਾਈਨ ਮੀਡੀਆ ਕੰਪਨੀ ਗਲੋਬਲ ਪੰਜਾਬ ਟੀਵੀ ਦੀ ਇੱਕ ਵੀਡੀਓ ਪੋਸਟ ਸਾਂਝੀ ਕੀਤੀ ਸੀ। ਇਸ ਵਿੱਚ ਪ੍ਰੋਫੈਸਰ ਮਨਜੀਤ ਸਿੰਘ ਦਾ 17-ਮਿੰਟ ਦਾ ਇੰਟਰਵਿਊ ਸੀ, ਜਿਨ੍ਹਾਂ ਨੂੰ "ਸਮਾਜਕ ਕਾਰਜਕਰਤਾ ਅਤੇ ਪੰਜਾਬੀ ਸਭਿਆਚਾਰ ਦਾ ਸਮਰਥਕ" ਕਿਹਾ ਜਾਂਦਾ ਹੈ। ਪੋਸਟ ਦੇ ਕੈਪਸ਼ਨ ਵਿੱਚ ਹਿੰਦੂ ਰਾਸ਼ਟਰਵਾਦੀ ਸੰਸਥਾ ਰਾਸ਼ਟਰੀ ਸਵੈ-ਸੇਵਕ ਸੰਘ (RSS) ਅਤੇ ਭਾਰਤੀ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ (BJP) ਦਾ ਜ਼ਿਕਰ ਕੀਤਾ ਗਿਆ ਸੀ: "RSS ਇੱਕ ਨਵੀਂ ਚੁਣੌਤੀ ਹੈ। ਰਾਮ ਨਾਮ ਸਤਯ ਹੈ। BJP ਅੱਤਵਾਦ ਵੱਲ ਤੁਰ ਪਈ ਹੈ।"

ਪੋਸਟ ਦੇ ਨਾਲ ਲਿੱਖੇ ਗਏ ਟੈਕਸਟ ਵਿੱਚ, ਯੂਜ਼ਰ ਨੇ ਦਾਅਵਾ ਕੀਤਾ ਹੈ ਕਿ RSS ਸਿੱਖਾਂ (ਭਾਰਤ ਦਾ ਇੱਕ ਘੱਟ-ਗਿਣਤੀ ਵਾਲਾ ਧਾਰਮਿਕ ਸੰਗਠਨ) ਨੂੰ ਮਾਰਨ ਦੀ ਧਮਕੀ ਦੇ ਰਹੀ ਸੀ ਅਤੇ 1984 ਦਾ "ਕਤਲੇਆਮ" ਦੁਹਰਾਉਣ ਦੀ ਗੱਲ ਕਰ ਰਹੀ ਸੀ, ਜਦੋਂ ਹਿੰਦੂਆਂ ਦੀ ਭੀੜ ਨੇ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਕਤਲੇਆਮ ਕੀਤਾ ਸੀ ਅਤੇ ਉਨ੍ਹਾਂ ਨੂੰ ਸਾੜਿਆ ਸੀ। ਯੂਜ਼ਰ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਖੁਦ, RSS ਪ੍ਰਧਾਨ, ਮੋਹਨ ਭਾਗਵਤ ਦੇ ਕਹਿਣ 'ਤੇ "ਸਿੱਖਾਂ ਦੀ ਨਸਲਕੁਸ਼ੀ" ਦਾ ਖਤਰਾ ਤਿਆਰ ਕਰ ਰਿਹਾ ਹੈ। ਯੂਜ਼ਰ ਨੇ ਇਹ ਵੀ ਦਾਅਵਾ ਕੀਤਾ ਕਿ ਫੌਜ਼ ਦੀ ਸਿੱਖ ਰੈਜੀਮੈਂਟ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਸਿੱਖ ਕਿਸਾਨਾਂ ਅਤੇ ਆਪਣੀਆਂ ਪੰਜਾਬ ਦੀਆਂ ਜ਼ਮੀਨਾਂ ਨੂੰ ਬਚਾਉਣ ਲਈ ਕੁਝ ਵੀ ਕਰ ਸਕਦੇ ਹਨ।

ਇੱਕ ਯੂਜ਼ਰ ਵੱਲੋਂ ਰਿਪੋਰਟ ਕਰਨ ਤੋਂ ਬਾਅਦ, ਮਨੁੱਖੀ ਸਮੀਖਿਅਕ ਨੇ ਇਹ ਸੁਨਿਸ਼ਚਿਤ ਕੀਤਾ ਕਿ ਪੋਸਟ ਨੇ Facebook ਦੇ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਦੀ ਉਲੰਘਣਾ ਕੀਤੀ ਹੈ ਅਤੇ ਉਸਨੂੰ ਹਟਾ ਦਿੱਤਾ। ਇਸ ਕਰਕੇ ਯੂਜ਼ਰ ਦਾ ਖਾਤਾ ਸਵੈਚਲਿਤ ਤੌਰ 'ਤੇ ਪ੍ਰਤੀਬੰਧਿਤ ਹੋ ਗਿਆ। Facebook ਨੇ

ਯੂਜ਼ਰ ਨੂੰ ਦੱਸਿਆ ਕਿ COVID-19 ਕਰਕੇ ਸਮੀਖਿਆ ਕਰਨ ਦੀ ਸਮਰੱਥਾ ਵਿੱਚ ਅਸਥਾਈ ਤੌਰ 'ਤੇ ਕਮੀ ਆਉਣ ਦੇ ਕਾਰਨ, ਉਹ ਉਸਦੇ ਵੱਲੋਂ ਖਾਤੇ ਨੂੰ ਮੁੜ-ਬਹਾਲ ਕਰਨ ਲਈ ਕੀਤੀ ਗਈ ਅਪੀਲ ਦੀ ਸਮੀਖਿਆ ਨਹੀਂ ਕਰ ਸਕੇ।

## ਮੁੱਖ ਸਿੱਟਾ

ਬੋਰਡ ਵੱਲੋਂ ਇਸ ਕੇਸ ਦੀ ਸਮੀਖਿਆ ਲਈ ਪਛਾਣ ਕਰਨ ਤੋਂ ਬਾਅਦ, ਪਰ ਇਸ ਨੂੰ ਪੈਨਲ ਨੂੰ ਸਪੁਰਦ ਕੀਤੇ ਜਾਣ ਤੋਂ ਪਹਿਲਾਂ, Facebook ਨੂੰ ਇਹ ਅਹਿਸਾਸ ਹੋਇਆ ਕਿ ਸਮੱਗਰੀ ਗਲਤੀ ਨਾਲ ਹਟਾਈ ਗਈ ਸੀ ਅਤੇ ਉਸਨੂੰ ਮੁੜ-ਬਹਾਲ ਕਰ ਦਿੱਤਾ। Facebook ਨੇ ਇਹ ਕਿਹਾ ਕਿ ਸਮੱਗਰੀ ਵਿੱਚ ਜ਼ਿਕਰ ਕੀਤੇ ਕਿਸੇ ਵੀ ਸੰਗਠਨ ਜਾਂ ਵਿਅਕਤੀ ਨੂੰ ਉਸਦੇ ਨਿਯਮਾਂ ਦੇ ਅਧੀਨ "ਖ਼ਤਰਨਾਕ" ਨਹੀਂ ਠਹਿਰਾਇਆ ਜਾ ਸਕਦਾ। ਕੰਪਨੀ ਪੋਸਟ ਵਿੱਚ ਕਿਸੇ ਅਜਿਹੇ ਖ਼ਾਸ ਸ਼ਬਦ ਦੀ ਪਛਾਣ ਵੀ ਨਹੀਂ ਕਰ ਸਕੀ, ਜਿਸ ਕਰਕੇ ਪੋਸਟ ਨੂੰ ਗਲਤੀ ਨਾਲ ਹਟਾਇਆ ਗਿਆ ਸੀ।

ਬੋਰਡ ਨੇ ਇਹ ਪਾਇਆ ਕਿ ਪੋਸਟ ਨੂੰ ਹਟਾਉਣ ਸੰਬੰਧੀ Facebook ਦਾ ਮੂਲ ਫ਼ੈਸਲਾ, ਕੰਪਨੀ ਦੀਆਂ ਭਾਈਚਾਰਕ ਮਿਆਰਾਂ ਅਤੇ ਉਸਦੀਆਂ ਮਨੁੱਖੀ ਅਧਿਕਾਰਾਂ ਪ੍ਰਤੀ ਜ਼ਿੰਮੇਵਾਰੀਆਂ ਮੁਤਾਬਕ ਨਹੀਂ ਸੀ।

ਬੋਰਡ ਨੇ ਪਾਇਆ ਕਿ ਇਹ ਪੋਸਟ ਭਾਰਤੀ ਘੱਟ-ਗਿਣਤੀਆਂ ਅਤੇ ਵਿਰੋਧੀ ਧਿਰਾਂ ਦੀਆਂ ਸਮੱਸਿਆਵਾਂ ਨੂੰ ਸਾਹਮਣੇ ਲੈ ਆਈ ਹੈ, ਜਿਨ੍ਹਾਂ ਨਾਲ ਸਰਕਾਰ ਵੱਲੋਂ ਕਥਿਤ ਤੌਰ 'ਤੇ ਵਿਤਕਰਾ ਕੀਤਾ ਜਾ ਰਿਹਾ ਹੈ। ਇਹ ਖ਼ਾਸ ਕਰਕੇ ਮਹੱਤਵਪੂਰਨ ਹੈ ਕਿ Facebook ਅਜਿਹੀਆਂ ਆਵਾਜ਼ਾਂ ਨੂੰ ਦਬਾਉਣ ਵਾਲੀਆਂ ਗਲਤੀਆਂ ਤੋਂ ਬਚਣ ਲਈ, ਲੋੜੀਂਦੇ ਕਦਮ ਚੁੱਕੇ। COVID-19 ਦੇ ਵਿਲੱਖਣ ਹਾਲਾਤਾਂ ਨੂੰ ਸਮਝਦੇ ਹੋਏ, ਬੋਰਡ ਨੇ ਇਹ ਦਲੀਲ ਦਿੱਤੀ ਕਿ ਸਮੱਗਰੀ ਦੀ ਸਮੀਖਿਆ ਕਰਨ ਲਈ, Facebook ਨੇ ਢੁੱਕਵਾਂ ਸਮਾਂ ਜਾਂ ਧਿਆਨ ਨਹੀਂ ਦਿੱਤਾ। ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਯੂਜ਼ਰਸ ਬੋਰਡ ਨਾਲ ਸੰਪਰਕ ਕਰਨ ਤੋਂ ਪਹਿਲਾਂ, ਆਪਣੇ ਕੇਸ ਲਈ Facebook ਨੂੰ ਅਪੀਲ ਕਰਨ ਦੇ ਯੋਗ ਹੋਣੇ ਚਾਹੀਦੇ ਹਨ ਅਤੇ ਕੰਪਨੀ ਨੂੰ ਬੇਨਤੀ ਕੀਤੀ ਗਈ ਕਿ ਉਹ ਆਪਣੀ ਸਮਰੱਥਾ ਮੁੜ-ਬਹਾਲ ਕਰਨ ਨੂੰ ਤਰਜੀਹ ਦੇਵੇ।

ਉਪਰੋਕਤ ਨੂੰ ਧਿਆਨ ਵਿੱਚ ਰੱਖਦਿਆਂ, ਬੋਰਡ ਨੇ ਮਹਿਸੂਸ ਕੀਤਾ ਕਿ ਯੂਜ਼ਰ ਨੂੰ ਬਾਹਰ ਕਰਨ ਵਾਲਾ ਖਾਤੇ ਦਾ ਪ੍ਰਤੀਬੰਧ, ਖ਼ਾਸ ਤੌਰ 'ਤੇ ਅਨਉਚਿਤ ਹੈ। ਇਸਨੇ ਇਹ ਚਿੰਤਾ ਵੀ ਜ਼ਾਹਰ ਕੀਤੀ ਹੈ ਕਿ ਅਜਿਹੇ ਪ੍ਰਤੀਬੰਧਾਂ 'ਤੇ Facebook ਦੇ ਨਿਯਮ, ਬਹੁਤ ਸਾਰੀਆਂ ਲੋਕੇਸ਼ਨਸ 'ਤੇ ਫੈਲੇ ਹੋਏ ਹਨ ਅਤੇ ਸਾਰੇ ਭਾਈਚਾਰਕ ਮਿਆਰਾਂ ਵਿੱਚ ਨਹੀਂ ਮਿਲਦੇ, ਜਿਸਦੀ ਕੋਈ ਉਮੀਦ ਕਰ ਸਕਦਾ ਹੈ।

ਅੰਤ ਵਿੱਚ, ਬੋਰਡ ਨੇ ਇਹ ਪਾਇਆ ਹੈ ਕਿ Facebook ਦੀ ਪਾਰਦਰਸ਼ੀ ਰਿਪੋਰਟਿੰਗ ਕਰਕੇ ਇਹ ਪਤਾ ਲਗਾਉਣਾ ਔਖਾ ਹੈ ਕਿ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੀ ਨੀਤੀ ਨੂੰ ਲਾਗੂ ਕਰਨ ਦਾ ਅਸਰ, ਭਾਰਤ ਵਿੱਚ ਸਿਰਫ ਘੱਟ-ਗਿਣਤੀ ਦੀ ਭਾਸ਼ਾ ਬੋਲਣ ਵਾਲੇ ਸਪੀਕਰਾਂ ਜਾਂ ਘੱਟ-ਗਿਣਤੀਆਂ ਦੇ ਧਾਰਮਿਕ ਸੰਗਠਨ 'ਤੇ ਪੈਂਦਾ ਹੈ ਜਾਂ ਨਹੀਂ।

### ਓਵਰਸਾਈਟ ਬੋਰਡ ਦਾ ਫ਼ੈਸਲਾ

ਬੋਰਡ, ਪੋਸਟ ਹਟਾਉਣ ਸੰਬੰਧੀ Facebook ਦੇ ਮੂਲ ਫ਼ੈਸਲੇ ਨੂੰ ਪਲਟਦਾ ਹੈ। ਇੱਕ ਨੀਤੀ ਸਲਾਹਕਾਰੀ ਬਿਆਨ ਵਿੱਚ, ਬੋਰਡ Facebook ਨੂੰ ਇਹ ਸਿਫਾਰਸ਼ਾਂ ਕਰਦਾ ਹੈ ਕਿ:

- ਉਹ ਆਪਣੀਆਂ ਭਾਈਚਾਰਕ ਮਿਆਰਾਂ ਅਤੇ ਅੰਦਰੂਨੀ ਲਾਗੂਕਰਨ ਮਿਆਰਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਵਾਏ। Facebook ਨੂੰ ਆਪਣੇ ਯੂਜ਼ਰਸ ਵੱਲੋਂ ਬੋਲੀ ਜਾਣ ਵਾਲੀ ਹਰੇਕ ਭਾਸ਼ਾ ਵਿੱਚ ਆਪਣੀਆਂ ਭਾਈਚਾਰਕ ਮਿਆਰਾਂ ਵੀ ਪਹੁੰਚਯੋਗ ਕਰਨੀਆਂ ਚਾਹੀਦੀਆਂ ਹਨ।

- Facebook ਆਪਣੇ ਕਰਮਚਾਰੀਆਂ ਅਤੇ ਠੇਕੇਦਾਰਾਂ ਦੀ ਸਿਹਤ ਦੀ ਪੂਰੀ ਤਰ੍ਹਾਂ ਰੱਖਿਆ ਕਰਦਿਆਂ, ਸਮੱਗਰੀ ਦਾ ਸੰਤੁਲਨ ਕਾਇਮ ਰੱਖਣ ਸੰਬੰਧੀ ਫ਼ੈਸਲਿਆਂ ਦੀ ਮਨੁੱਖੀ ਸਮੀਖਿਆ ਅਤੇ ਮਨੁੱਖੀ ਅਪੀਲ ਦੀ ਪ੍ਰਕਿਰਿਆ ਨੂੰ ਜਿੰਨੀ ਜਲਦੀ ਮੁਮਕਿਨ ਹੋਵੇ, ਵਿਸ਼ਵ-ਵਿਆਪੀ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰਾਂ ਤੱਕ ਪਹੁੰਚਾਏ।

- ਆਪਣੀ ਪਾਰਦਰਸ਼ੀ ਰਿਪੋਰਟਿੰਗ ਵਿੱਚ ਹਰੇਕ ਭਾਈਚਾਰਕ ਮਿਆਰ ਲਈ ਦੇਸ਼ ਅਤੇ ਭਾਸ਼ਾ ਰਾਹੀਂ ਇਸਨੂੰ ਦੇਖਣਯੋਗ ਬਣਾਉਂਦਿਆਂ, ਗਲਤੀ ਦੀਆਂ ਦਰਾਂ ਬਾਰੇ ਜਨਤਕ ਜਾਣਕਾਰੀ ਵਧਾਏ।

*ਕੇਸ ਦੇ ਸਾਰਾਂਸ਼,ਕੇਸ ਦੀ ਆਮ ਜਾਣਕਾਰੀ ਪ੍ਰਦਾਨ ਕਰਦੇ ਹਨ ਅਤੇ ਇਨ੍ਹਾਂ ਦਾ ਆਪਣਾ ਕੋਈ ਆਧਾਰ ਨਹੀਂ ਹੈ।

## ਕੇਸ ਦਾ ਪੂਰਾ ਫ਼ੈਸਲਾ

### 1. ਫ਼ੈਸਲੇ ਦਾ ਸਾਰਾਂਸ਼

ਓਵਰਸਾਈਟ ਬੋਰਡ ਨੇ ਪੋਸਟ ਹਟਾਉਣ ਸੰਬੰਧੀ Facebook ਦੇ ਫ਼ੈਸਲੇ ਨੂੰ ਪਲਟ ਦਿੱਤਾ ਹੈ। ਬੋਰਡ ਦੱਸਦਾ ਹੈ ਕਿ ਇਸ ਵੱਲੋਂ ਕੇਸ ਦੀ ਚੋਣ ਤੋਂ ਬਾਅਦ, ਪਰ ਜਦੋਂ ਇਹ ਪੈਨਲ ਨੂੰ ਸਪੁਰਦ ਕੀਤਾ ਗਿਆ ਸੀ, ਇਸ ਤੋਂ ਪਹਿਲਾਂ, Facebook ਨੇ ਸੁਨਿਸ਼ਚਿਤ ਕੀਤਾ ਕਿ ਸਮੱਗਰੀ ਗਲਤੀ ਨਾਲ ਹਟਾਈ ਗਈ ਸੀ ਅਤੇ ਉਸਨੂੰ ਮੁੜ-ਬਹਾਲ ਕਰ ਦਿੱਤਾ ਗਿਆ ਹੈ। ਬੋਰਡ ਨੇ ਪਾਇਆ ਕਿ ਜਿਸ ਸਮੱਗਰੀ 'ਤੇ ਇਤਰਾਜ਼ ਜਤਾਇਆ ਗਿਆ ਹੈ, ਉਹ ਕਿਸੇ ਵੀ

ਖ਼ਤਰਨਾਕ ਵਿਅਕਤੀ ਜਾਂ ਸੰਸਥਾ ਨੂੰ ਵਧਾਵਾ, ਸਮਰਥਨ ਜਾਂ ਉਸਦੀ ਨੁਮਾਇੰਦਗੀ ਨਹੀਂ ਕਰਦੀ। ਪੋਸਟ ਨੇ ਭਾਰਤ ਵਿੱਚ ਸਰਕਾਰ ਅਤੇ ਸਰਕਾਰ-ਪੱਖੀ ਅਦਾਕਾਰਾਂ ਵੱਲੋਂ ਕਥਿਤ ਤੌਰ 'ਤੇ ਘੱਟ-ਗਿਣਤੀਆਂ ਨਾਲ ਹੋ ਰਹੇ ਦੁਰਵਿਵਹਾਰ ਨੂੰ ਹਾਈਲਾਈਟ ਕੀਤਾ ਹੈ ਅਤੇ ਉਸ ਵਿੱਚ ਜਨਤਕ ਹਿੱਤ ਦੀਆਂ ਕਦਰਾਂ ਸਨ। ਬੋਰਡ, ਸਮੱਗਰੀ ਦੀ ਸਮੀਖਿਆ ਵਿੱਚ ਗਲਤੀਆਂ ਅਤੇ ਯੂਜ਼ਰ ਲਈ ਮੌਜੂਦ ਅਸਰਦਾਰ ਅਪੀਲ ਪ੍ਰਕਿਰਿਆ ਦੀ ਕਮੀ ਨੂੰ ਲੈ ਕੇ ਚਿੰਤਤ ਸੀ। Facebook ਦੀ ਗਲਤੀਆਂ, ਯੂਜ਼ਰ ਦੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਨਾਲ ਹੀ ਭਾਰਤ ਵਿੱਚ ਘੱਟ-ਗਿਣਤੀ ਨਾਲ ਸੰਬੰਧਿਤ ਲੋਕਾਂ ਵੱਲੋਂ ਜਾਣਕਾਰੀ ਪ੍ਰਾਪਤ ਕਰਨ ਦੇ ਅਧਿਕਾਰਾਂ ਨੂੰ ਕਮਜ਼ੋਰ ਬਣਾਉਂਦੀਆਂ ਹਨ।

## 2. ਕੇਸ ਦਾ ਵਰਣਨ

ਸਮੱਗਰੀ ਵਿੱਚ ਭਾਰਤ ਦੀ "ਰਾਸ਼ਟਰੀ ਸਵੈ-ਸੇਵਕ ਸੰਘ" (RSS) ਅਤੇ ਭਾਰਤੀ ਜਨਤਾ ਪਾਰਟੀ (BJP) 'ਤੇ ਘੱਟ-ਗਿਤਣੀਆਂ ਨਾਲ ਵਿਤਕਰਾ ਕਰਨ ਅਤੇ ਵਿਰੋਧੀਆਂ ਦੀ ਆਵਾਜ਼ ਨੂੰ ਦਬਾਉਣ ਦੇ ਦੋਸ਼ ਲਗਾਏ ਗਏ। RSS ਇੱਕ ਹਿੰਦੂ ਰਾਸ਼ਟਰਵਾਦੀ ਸੰਸਥਾ ਹੈ ਜੋ ਕਿ ਕਥਿਤ ਤੌਰ 'ਤੇ ਭਾਰਤ ਵਿੱਚ ਧਾਰਮਿਕ ਘੱਟ-ਗਿਣਤੀਆਂ ਦੇ ਲੋਕਾਂ ਖਿਲਾਫ਼ ਹੋ ਰਹੀ ਹਿੰਸਾ ਵਿੱਚ ਸ਼ਾਮਲ ਹੈ। "BJP" ਭਾਰਤ ਦੀ ਸੱਤਾਧਾਰੀ ਪਾਰਟੀ ਹੈ, ਜਿਸ ਨਾਲ ਭਾਰਤ ਦੇ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸੰਬੰਧਿਤ ਹਨ ਅਤੇ ਉਨ੍ਹਾਂ ਦਾ RSS ਨਾਲ ਨਜ਼ਦੀਕੀ ਸੰਬੰਧ ਹੈ।

ਨਵੰਬਰ 2020 ਵਿੱਚ, ਇੱਕ ਯੂਜ਼ਰ ਨੇ ਪੰਜਾਬੀ-ਭਾਸ਼ਾ ਵਾਲੀ ਆਨਲਾਈਨ ਮੀਡੀਆ ਕੰਪਨੀ ਗਲੋਬਲ ਪੰਜਾਬ ਟੀਵੀ ਵੱਲੋਂ ਇੱਕ ਵੀਡੀਓ ਪੋਸਟ ਕੀਤੀ ਅਤੇ ਉਸ ਦੇ ਨਾਲ ਟੈਕਸਟ ਲਿੱਖਿਆ। ਇਸ ਪੋਸਟ ਵਿੱਚ ਪ੍ਰੋਫੈਸਰ ਮਨਜੀਤ ਸਿੰਘ ਦਾ 17-ਮਿੰਟ ਦਾ ਇੰਟਰਵਿਊ ਸੀ, ਜਿਨ੍ਹਾਂ ਨੂੰ "ਸਮਾਜਕ ਕਾਰਜਕਰਤਾ ਅਤੇ ਪੰਜਾਬੀ ਸਭਿਆਚਾਰ ਦਾ ਸਮਰਥਕ" ਕਿਹਾ ਜਾਂਦਾ ਹੈ। ਇਸ ਪੋਸਟ ਵਿੱਚ, ਗਲੋਬਲ ਪੰਜਾਬ ਟੀਵੀ ਨੇ ਕੈਪਸ਼ਨ ਸ਼ਾਮਲ ਕੀਤਾ ਕਿ "RSS ਨਵਾਂ ਖਤਰਾ ਹੈ। ਰਾਮ ਨਾਮ ਸਤਯ ਹੈ। BJP ਅੱਤਵਾਦ ਵੱਲ ਤੁਰ ਪਈ ਹੈ।" ਮੀਡੀਆ ਕੰਪਨੀ ਨੇ ਨਾਲ ਹੀ ਅਤਿਰਿਕਤ ਵਰਣਨ ਸ਼ਾਮਲ ਕੀਤਾ: "ਨਵਾਂ ਖਤਰਾ। ਰਾਮ ਨਾਮ ਸਤਯ ਹੈ! BJP ਅੱਤਵਾਦ ਵੱਲ ਤੁਰ ਪਈ ਹੈ। ਵਿਦਵਾਨ ਮੋਦੀ ਨੂੰ ਸਿੱਧੀ ਚੁਣੌਤੀ ਦਿੰਦੇ ਹਨ!" ਸਮੱਗਰੀ ਭਾਰਤ ਦੇ ਵੱਡੇ ਕਿਸਾਨ ਸੰਘਰਸ਼ ਵੇਲੇ ਪੋਸਟ ਕੀਤੀ ਗਈ ਸੀ ਅਤੇ ਉਸ ਵਿੱਚ ਸੰਘਰਸ਼ ਦੇ ਕਾਰਨਾਂ ਬਾਰੇ ਸੰਖੇਪ ਵਿੱਚ ਗੱਲ ਕਰਦਿਆਂ, ਉਸਦੀ ਤਾਰੀਫ਼ ਕੀਤੀ ਗਈ।

ਯੂਜ਼ਰ ਨੇ ਗਲੋਬਲ ਪੰਜਾਬ ਟੀਵੀ ਦੀ ਪੋਸਟ ਨੂੰ ਸਾਂਝਾ ਕਰਦਿਆਂ, ਉਸ ਨਾਲ ਟੈਕਸਟ ਜੋੜਿਆ, ਜਿਸ ਵਿੱਚ ਉਸ ਨੇ ਦੱਸਿਆ ਕਿ CIA (ਕੇਂਦਰੀ ਸੂਹੀਆ ਏਜੰਸੀ) ਨੇ RSS ਨੂੰ "ਕੱਟਰ ਹਿੰਦੂ ਅੱਤਵਾਦੀ ਸੰਸਥਾ" ਮੰਨਿਆ ਹੈ ਅਤੇ ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਉਸਦੇ ਪ੍ਰਧਾਨ ਰਹਿ ਚੁੱਕੇ ਹਨ। ਯੂਜ਼ਰ ਨੇ ਲਿੱਖਿਆ ਕਿ RSS ਸਿੱਖਾਂ (ਭਾਰਤ ਦਾ ਇੱਕ ਘੱਟ-ਗਿਣਤੀ ਵਾਲਾ ਧਾਰਮਿਕ ਸੰਗਠਨ) ਨੂੰ ਮਾਰਨ ਦੀ ਧਮਕੀ ਦੇ ਰਹੀ ਸੀ ਅਤੇ 1984 ਦਾ "ਕਤਲੇਆਮ" ਦੁਹਰਾਉਣ ਦੀ ਗੱਲ ਕਰ ਰਹੀ ਸੀ, ਜਦੋਂ ਹਿੰਦੂਆਂ ਦੀ ਭੀੜ ਨੇ ਸਿੱਖਾਂ 'ਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਕਿਹਾ ਕਿ "RSS ਨੇ ਮੌਤ ਹੋਣ 'ਤੇ ਦੁਹਰਾਏ ਜਾਂਦੇ 'ਰਾਮ ਨਾਮ ਸਤਯ ਹੈ' ਦੇ ਵਾਕ ਨੂੰ ਵਰਤਿਆ।" ਬੋਰਡ ਸਮਝਦਾ ਹੈ ਕਿ "ਰਾਮ ਨਾਮ ਸਤਯ ਹੈ" ਦਾ ਵਾਕ ਅੰਤਮ ਸੰਸਕਾਰ ਨਾਲ ਸੰਬੰਧਿਤ ਹੈ, ਜਿਸਨੂੰ ਕੁਝ ਹਿੰਦੂ

ਰਾਸ਼ਟਰਵਾਦੀਆਂ ਨੇ ਇੱਕ ਧਮਕੀ ਵਜੋਂ ਕਥਿਤ ਤੌਰ ‘ਤੇ ਵਰਤਿਆ। ਯੂਜ਼ਰ ਨੇ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਖੁਦ, RSS ਪ੍ਰਧਾਨ, ਮੋਹਨ ਭਾਗਵਤ ਦੇ ਕਹਿਣ ‘ਤੇ “ਸਿੱਖਾਂ ਦੀ ਨਸਲਕੁਸ਼ੀ” ਦਾ ਖਤਰਾ ਤਿਆਰ ਕਰ ਰਿਹਾ ਹੈ। ਪੋਸਟ ਨਾਲ ਜੋੜੇ ਗਏ ਟੈਕਸਟ ਦੇ ਅੰਤ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਕਿ ਭਾਰਤੀ ਸਿੱਖਾਂ ਨੂੰ ਪੂਰੀ ਤਰ੍ਹਾਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਫੌਜ਼ ਦੀ ਸਿੱਖ ਰੈਜੀਮੈਂਟ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਚੇਤਾਵਨੀ ਦਿੱਤੀ ਹੈ ਕਿ ਉਹ ਸਿੱਖ ਕਿਸਾਨਾਂ ਅਤੇ ਆਪਣੀਆਂ ਪੰਜਾਬ ਦੀਆਂ ਜ਼ਮੀਨਾਂ ਨੂੰ ਬਚਾਉਣ ਲਈ ਕੁਝ ਵੀ ਕਰ ਸਕਦੇ ਹਨ।

ਪੋਸਟ ਨੂੰ ਦੂਜੇ ਯੂਜ਼ਰ ਵੱਲੋਂ “ਅੱਤਵਾਦ” ਵਜੋਂ ਰਿਪੋਰਟ ਕੀਤੇ ਜਾਣ ਤੋਂ ਪਹਿਲਾਂ, ਉਹ 14 ਦਿਨਾਂ ਤੱਕ ਉੱਥੇ ਹੀ ਸੀ ਅਤੇ 500 ਤੋਂ ਘੱਟ ਵਾਰ ਦੇਖੀ ਗਈ ਸੀ। ਮਨੁੱਖੀ ਸਮੀਖਿਅਕ ਨੇ ਸੁਨਿਸ਼ਚਿਤ ਕੀਤਾ ਕਿ ਪੋਸਟ ਨੇ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਦੀ ਉਲੰਘਣਾ ਕੀਤੀ ਹੈ ਅਤੇ ਸਮੱਗਰੀ ਨੂੰ ਹਟਾ ਦਿੱਤਾ, ਜਿਸ ਕਰਕੇ ਯੂਜ਼ਰ ਦਾ ਖਾਤਾ ਇੱਕ ਸਥਾਈ ਸਮੇਂ ਲਈ ਸਵੈਚਲਿਤ ਤੌਰ ‘ਤੇ ਪ੍ਰਤੀਬੰਧਿਤ ਹੋ ਗਿਆ। ਯੂਜ਼ਰ ਨੂੰ ਆਪਣੇ ਵੱਲੋਂ ਭੇਜੇ ਗਏ ਨੋਟੀਫਿਕੇਸ਼ਨ ਵਿੱਚ, Facebook ਨੇ ਦੱਸਿਆ ਕਿ ਉਸਦਾ ਫ਼ੈਸਲਾ ਅੰਤਮ ਸੀ ਅਤੇ COVID-19 ਕਰਕੇ ਸਮੀਖਿਆ ਕਰਨ ਦੀ ਸਮਰੱਥਾ ਵਿੱਚ ਅਸਥਾਈ ਤੌਰ ‘ਤੇ ਕਮੀ ਆਉਣ ਦੇ ਕਾਰਨ, ਉਹ ਸਮੀਖਿਆ ਨਹੀਂ ਕਰ ਸਕੇ। ਇਸ ਕਰਕੇ, ਯੂਜ਼ਰ ਨੇ ਓਵਰਸਾਈਟ ਬੋਰਡ ਨੂੰ ਅਪੀਲ ਕੀਤੀ।

ਇਸ ਕੇਸ ਦੀ ਸਮੀਖਿਆ ਲਈ ਪਛਾਣ ਕਰਨ ਤੋਂ ਬਾਅਦ, ਪਰ ਇਸ ਨੂੰ ਪੈਨਲ ਨੂੰ ਸਪੁਰਦ ਕੀਤੇ ਜਾਣ ਤੋਂ ਪਹਿਲਾਂ, Facebook ਨੇ ਇਹ ਸੁਨਿਸ਼ਚਿਤ ਕੀਤਾ ਕਿ ਸਮੱਗਰੀ ਗਲਤੀ ਨਾਲ ਹਟਾਈ ਗਈ ਸੀ ਅਤੇ ਉਸਨੂੰ ਮੁੜ-ਬਹਾਲ ਕਰ ਦਿੱਤਾ ਗਿਆ ਹੈ। ਬੋਰਡ ਨੇ ਫਿਰ ਵੀ ਇਹ ਕੇਸ ਪੈਨਲ ਨੂੰ ਸਪੁਰਦ ਕਰਦਿਆਂ ਅੱਗੇ ਵਧਾਇਆ।

## 3. ਅਧਿਕਾਰ ਅਤੇ ਗੁੰਜਾਇਸ਼

ਬੋਰਡ ਕੋਲ ਬੋਰਡ ਚਾਰਟਰ ਦੇ ਆਰਟੀਕਲ 2 (ਸਮੀਖਿਆ ਦਾ ਅਧਿਕਾਰ) ਦੇ ਅਧੀਨ, Facebook ਦੇ ਫ਼ੈਸਲਿਆਂ ਦੀ ਸਮੀਖਿਆ ਕਰਨ ਦਾ ਅਧਿਕਾਰ ਹੈ ਅਤੇ ਉਹ ਆਰਟੀਕਲ 3, ਸੈਕਸ਼ਨ 5 ਦੇ ਅਧੀਨ ਉਨ੍ਹਾਂ ਫ਼ੈਸਲਿਆਂ ਨੂੰ ਕਾਇਮ ਜਾਂ ਰੱਦ ਕਰ ਸਕਦਾ ਹੈ (ਸਮੀਖਿਆ ਕਰਨ ਦੀ ਪ੍ਰਕਿਰਿਆ: ਚਾਰਟਰ ਦਾ ਸਮਾਧਾਨ)। Facebook ਨੇ ਬੋਰਡ ਉਪ-ਨਿਯਮਾਂ ਦੇ ਆਰਟੀਕਲ 2, ਸੈਕਸ਼ਨ 1.2.1 (ਬੋਰਡ ਦੀ ਸਮੀਖਿਆ ਲਈ ਸਮੱਗਰੀ ਉਪਲਬਧ ਨਹੀਂ ਹੈ) ਦੇ ਮੁਤਾਬਕ, ਸਮੱਗਰੀ ਹਟਾਉਣ ਦੇ ਕਾਰਨ ਪੇਸ਼ ਨਹੀਂ ਕੀਤੇ ਹਨ, ਨਾ ਹੀ Facebook ਨੇ ਅਜਿਹਾ ਕੋਈ ਸੰਕੇਤ ਦਿੱਤਾ ਹੈ ਕਿ ਉਪ-ਨਿਯਮਾਂ ਦੇ ਆਰਟੀਕਲ 2, ਸੈਕਸ਼ਨ 1.2.2 (ਕਨੂੰਨੀ ਜ਼ਿੰਮੇਵਾਰੀਆਂ) ਦੇ ਅਧੀਨ ਕੇਸ ਨੂੰ ਅਯੋਗ ਮੰਨਿਆ ਜਾਵੇ। ਬੋਰਡ ਚਾਰਟਰ ਦੇ ਆਰਟੀਕਲ 3, ਸੈਕਸ਼ਨ 4 ਦੇ ਅਧੀਨ (ਸਮੀਖਿਆ ਦੀ ਪ੍ਰਕਿਰਿਆ: ਫ਼ੈਸਲੇ), ਅੰਤਮ ਫ਼ੈਸਲੇ ਵਿੱਚ ਨੀਤੀ ਸਲਾਹਕਾਰ ਦਾ ਬਿਆਨ ਸ਼ਾਮਲ ਹੋ ਸਕਦਾ ਹੈ, ਜਿਸ ਨੂੰ Facebook ਵੱਲੋਂ ਆਪਣੀ ਭਵਿੱਖਕ ਨੀਤੀ ਦੇ ਵਿਕਾਸ ਲਈ ਵਿਚਾਰ ਦੇ ਅਧੀਨ ਰੱਖਿਆ ਜਾਵੇਗਾ।

Facebook ਨੇ ਆਪਣੀ ਗਲਤੀ ਮੰਨਦੇ ਹੋਏ, ਯੂਜ਼ਰ ਦੀ ਸਮੱਗਰੀ ਨੂੰ ਮੁੜ-ਬਹਾਲ ਕਰ ਦਿੱਤਾ ਹੈ, ਜੋ ਕਿ ਸਿਰਫ ਬੋਰਡ ਵੱਲੋਂ ਕੇਸ ਦੀ ਪਛਾਣ ਕਰਨ ਕਰਕੇ ਹੀ ਮੁਮਕਿਨ ਹੋ ਪਾਇਆ। ਕੇਸ ਦਾ ਫ਼ੈਸਲਾ 2020-004-IG-UA, ਦੇ

ਮੁਤਾਬਕ, Facebook ਵੱਲੋਂ ਸਮੱਗਰੀ ਨੂੰ ਮੁੜ-ਬਹਾਲ ਕਰਨ ਦੇ ਨਾਲ, ਕੇਸ ਨੂੰ ਸਮੀਖਿਆ ਤੋਂ ਬਾਹਰ ਨਹੀਂ ਕਰਦਾ। ਚਿੰਤਾ ਇਸ ਗੱਲ ਦੀ ਹੈ ਕਿ ਗਲਤੀ ਕਿਉਂ ਹੋਈ, ਇਹ ਨੁਕਸਾਨ ਦਾ ਆਧਾਰ ਬਣ ਸਕਦੀ ਹੈ ਅਤੇ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸਨੂੰ ਕਦੇ ਵੀ ਦੁਹਰਾਇਆ ਨਾ ਜਾਵੇ। ਬੋਰਡ ਯੂਜ਼ਰਸ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੰਦਾ ਹੈ ਅਤੇ ਜੋ ਹੋਇਆ ਉਸਦਾ ਪੂਰਾ ਵੇਰਵਾ ਪ੍ਰਾਪਤ ਕਰਦਾ ਹੈ।

## 4. ਪ੍ਰਸੰਗਿਕ ਮਿਆਰ

ਓਵਰਸਾਈਟ ਬੋਰਡ ਨੇ ਆਪਣੇ ਫ਼ੈਸਲੇ ਵਿੱਚ ਹੇਠਲਿਆਂ ਮਿਆਰਾਂ 'ਤੇ ਵਿਚਾਰ ਕੀਤਾ ਹੈ:

*I. Facebook* ਦੇ ਭਾਈਚਾਰਕ ਮਿਆਰ*:*

Facebook ਦੀ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂਸੰਬੰਧੀ ਨੀਤੀ ਇਹ ਦੱਸਦੀ ਹੈ ਕਿ "ਅਸਲ-ਸੰਸਾਰ ਵਿੱਚ ਨੁਕਸਾਨ ਨੂੰ ਰੋਕਣ ਅਤੇ ਵਿਘਨ ਪਾਉਣ ਦੀ ਕੋਸ਼ਿਸ਼ ਵਜੋਂ, ਅਸੀਂ ਕਿਸੇ ਵੀ ਸੰਸਥਾ ਜਾਂ ਵਿਅਕਤੀ ਨੂੰ ਇਹ ਇਜਾਜ਼ਤ ਨਹੀਂ ਦਿੰਦੇ ਕਿ ਉਹ ਹਿੰਸਕ ਮਿਸ਼ਨ ਦੀ ਜਨਤਕ ਘੋਸ਼ਣਾ ਕਰੇ ਜਾਂ Facebook 'ਤੇ ਮੌਜੂਦਗੀ ਦਰਜ ਕਰਵਾਉਣ ਲਈ ਕਿਸੇ ਹਿੰਸਾ ਵਿੱਚ ਸ਼ਾਮਲ ਹੋਵੇ।" ਮਿਆਰ ਵਿੱਚ ਅੱਗੇ ਕਿਹਾ ਗਿਆ ਹੈ ਕਿ Facebook "ਉਸ ਸਮੱਗਰੀ ਨੂੰ ਹਟਾ ਦਿੰਦਾ ਹੈ, ਜੋ ਅਜਿਹੀਆਂ ਗਤਿਵਿਧੀਆਂ ਵਿੱਚ ਸ਼ਾਮਲ ਗਰੁੱਪਸ, ਆਗੂਆਂ ਜਾਂ ਵਿਅਕਤੀਆਂ ਦਾ ਸਮਰਥਨ ਕਰਦੀ ਹੈ ਜਾਂ ਉਨ੍ਹਾਂ ਨੂੰ ਵਧਾਵਾ ਦਿੰਦੀ ਹੈ।

*II. Facebook* ਦੀਆਂ ਕਦਰਾਂ*:*

Facebook ਦੀਆਂ ਕਦਰਾਂ ਦੇ ਬਾਰੇ ਵਿੱਚ ਭਾਈਚਾਰਕ ਮਿਆਰਾਂ ਦੇ ਮੁੱਖਬੰਧ ਵਿੱਚ ਦੱਸਿਆ ਗਿਆ ਹੈ। "ਆਵਾਜ਼" ਦੇ ਮੁੱਲ ਨੂੰ "ਸਰਬੋਤਮ" ਮੰਨਿਆ ਗਿਆ ਹੈ।

ਭਾਈਚਾਰਕ ਮਿਆਰਾਂ ਦਾ ਹਮੇਸ਼ਾ ਇਹ ਟੀਚਾ ਰਿਹਾ ਹੈ ਕਿ ਉਹ ਲੋਕਾਂ ਨੂੰ ਆਪਣੀ ਸੋਚ ਦਾ ਪ੍ਰਗਟਾਵਾ ਕਰਨ ਲਈ ਇੱਕ ਮੰਚ ਪ੍ਰਦਾਨ ਕਰਨ, ਜਿੱਥੇ ਉਹ ਆਪਣੀ ਆਵਾਜ਼ ਬੁਲੰਦ ਕਰ ਸਕਣ। *[...]* ਅਸੀਂ ਚਾਹੁੰਦੇ ਹਾਂ ਕਿ ਲੋਕ ਅਜਿਹੇ ਮੁੱਦਿਆਂ ਬਾਰੇ ਖੁੱਲ੍ਹ ਕੇ ਬੋਲਣ ਦੇ ਯੋਗ ਹੋਣ, ਜੋ ਉਨ੍ਹਾਂ ਲਈ ਮਾਇਨੇ ਰੱਖਦੇ ਹਨ, ਭਾਵੇਂ ਕਿ ਕੋਈ ਉਨ੍ਹਾਂ ਨਾਲ ਸਹਿਮਤ ਨਾ ਹੋਵੇ ਜਾਂ ਉਨ੍ਹਾਂ ਨੂੰ ਇਤਰਾਜ਼ਯੋਗ ਸਮਝੇ।

Facebook ਚਾਰ ਕਦਰਾਂ ਨੂੰ ਪੂਰਾ ਕਰਨ ਲਈ "ਆਵਾਜ਼" ਨੂੰ ਸੀਮਤ ਕਰ ਸਕਦਾ ਹੈ, ਜਿਸ ਵਿੱਚ "ਸੁਰੱਖਿਆ" ਅਤੇ "ਸਨਮਾਨ" ਸ਼ਾਮਲ ਹੈ:

“ਸੁਰੱਖਿਆ”*: ਅਸੀਂ Facebook ਨੂੰ ਇੱਕ ਸੁਰੱਖਿਅਤ ਜਗ੍ਹਾ ਬਣਾਉਣ ਲਈ ਵਚਨਬੱਧ ਹਾਂ। Facebook ‘ਤੇ* ਲੋਕਾਂ ਨੂੰ ਧਮਕਾਉਣ ਵਾਲੀਆਂ ਗਤੀਵਿਧੀਆਂ ਦੀ ਇਜਾਜ਼ਤ ਨਹੀਂ ਹੈ, ਜੋ ਦੂਜਿਆਂ ਨੂੰ ਡਰਾਉਣ, ਬਾਹਰ ਕਰਨ ਜਾਂ ਦਬਾਉਣ ਵਿੱਚ ਸਮਰੱਥ ਹੋਣ।

“ਸਨਮਾਨ”*: ਅਸੀਂ ਸਾਰੇ ਲੋਕਾਂ ਨੂੰ ਸਨਮਾਨ ਅਤੇ ਅਧਿਕਾਰਾਂ ਵਿੱਚ ਬਰਾਬਰ ਸਮਝਦੇ ਹਾਂ। ਅਸੀਂ ਚਾਹੁੰਦੇ ਹਾਂ ਕਿ* ਲੋਕ ਦੂਜਿਆਂ ਦੇ ਸਨਮਾਨ ਦੀ ਕਦਰ ਕਰਨ ਅਤੇ ਉਨ੍ਹਾਂ ਨੂੰ ਨਾ ਤੰਗ ਕਰਨ ਅਤੇ ਨਾ ਹੀ ਬੇਇੱਜ਼ਤ ਕਰਨ।

*III. ਮਨੁੱਖੀ ਅਧਿਕਾਰਾਂ ਦੇ ਮਿਆਰ:*

ਵਪਾਰ ਅਤੇ ਮਨੁੱਖੀ ਅਧਿਕਾਰਾਂ ਬਾਰੇ ਸਯੁੰਕਤ ਰਾਜ (UN) ਦੇ ਮਾਰਗਦਰਸ਼ਕ ਸਿਧਾਂਤ (UNGPs) ਨੇ, ਜਿਨ੍ਹਾਂ ਨੂੰ 2011 ਵਿੱਚ ਸਯੁੰਕਤ ਰਾਜ (UN) ਦੀ ਮਨੁੱਖੀ ਅਧਿਕਾਰ ਪ੍ਰੀਸ਼ਦ ਨੇ ਸਮਰਥਨ ਦਿੱਤਾ ਸੀ, ਨਿੱਜੀ ਵਪਾਰਾਂ ਨਾਲ ਸੰਬੰਧਿਤ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਲਈ ਸਵੈ-ਇੱਛਕ ਇੱਕ ਢਾਂਚਾ ਸਥਾਪਿਤ ਕੀਤਾ ਹੈ। UNGPs ਮੁਤਾਬਕ Facebook ਵੱਲੋਂ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਦੀ ਕਦਰ ਕਰਨ ਸੰਬੰਧੀ ਵਚਨਬੱਧਤਾ ਨੂੰ ਮਾਰਚ 2021 ਵਿੱਚ ਲਾਂਚ ਹੋਈ ਨਵੀਂ ਕਾਰਪੋਰੇਟ ਨੀਤੀ ਵਿੱਚ ਵਿਸਥਾਰਪੂਰਵਕ ਦੱਸਿਆ ਗਿਆ ਸੀ। ਇਸ ਕੇਸ ਵਿੱਚ ਬੋਰਡ ਦੇ ਵਿਸ਼ਲੇਸ਼ਣ ਨੂੰ ਹੇਠਲੇ ਮਨੁੱਖੀ ਅਧਿਕਾਰਾਂ ਦੇ ਮਿਆਰਾਂ ਰਾਹੀਂ ਦੇਖਿਆ ਗਿਆ ਸੀ:

ਪ੍ਰਗਟਾਵੇ ਦੀ ਆਜ਼ਾਦੀ: ਆਰਟੀਕਲ 19, ਨਾਗਰਿਕ ਅਤੇ ਰਾਜਨੀਤਿਕ ਅਧਿਕਾਰਾਂ ‘ਤੇ ਅੰਤਰਰਾਸ਼ਟਰੀ ਸਮਝੌਤਾ (ICCPR); ਮਨੁੱਖੀ ਅਧਿਕਾਰਾਂ ਦੀ ਕਮੇਟੀ, ਆਮ ਕਮੈਂਟ ਨੰ. 34 (2011); ਪੱਖ ਅਤੇ ਪ੍ਰਗਟਾਵੇ ਦੀ ਆਜ਼ਾਦੀ ਬਾਰੇ ਵਿਸ਼ੇਸ਼ ਰਿਪੋਰਟਰ, ਰਿਪੋਰਟਾਂ: A/HRC/38/35 (2018) ਅਤੇ A/74/486 (2019)

ਗੈਰ-ਪੱਖਪਾਤ ਦਾ ਅਧਿਕਾਰ: ਆਰਟੀਕਲ 2, ਪੈਰਾ। 1 ਅਤੇ ਆਰਟੀਕਲ 26, ICCPR; ਮਨੁੱਖੀ ਅਧਿਕਾਰਾਂ ਦੀ ਕਮੇਟੀ, ਆਮ ਕਮੈਂਟ ਨੰ. 23 (1994); ਆਮ ਸਭਾ, ਰਾਸ਼ਟਰੀ ਜਾਂ ਨਸਲੀ, ਧਾਰਮਿਕ ਅਤੇ ਭਾਸ਼ਾਈ ਘੱਟ-ਗਿਣਤੀਆਂ ਨਾਲ ਸੰਬੰਧਿਤ ਲੋਕਾਂ ਦੇ ਅਧਿਕਾਰਾਂ ‘ਤੇ ਘੋਸ਼ਣਾ, ਜਿਵੇਂ ਕਿ A/HRC/22/49 ਪੈਰੇ ਵਿੱਚ ਘੱਟ-ਗਿਣਤੀ ਦੇ ਮੁੱਦਿਆਂ 'ਤੇ ਆਜ਼ਾਦ ਮਾਹਰ ਵੱਲੋਂ ਵਿਆਖਿਆ ਕੀਤੀ ਗਈ ਹੈ। 57-58 (2012); ਘੱਟ-ਗਿਣਤੀ ਦੇ ਮੁੱਦਿਆਂ 'ਤੇ ਵਿਸ਼ੇਸ਼ ਰਿਪੋਰਟਰ, A/HRC/46/57 (2021)

ਇੱਕ ਅਸਰਦਾਰ ਸਮਾਧਾਨ ਦਾ ਅਧਿਕਾਰ: ਆਰਟੀਕਲ 2, ਪੈਰਾ। 3, ICCPR; ਮਨੁੱਖੀ ਅਧਿਕਾਰਾਂ ਦੀ ਕਮੇਟੀ, ਆਮ ਕਮੈਂਟ ਨੰ. 31 (2004); ਮਨੁੱਖੀ ਅਧਿਕਾਰਾਂ ਦੀ ਕਮੇਟੀ, ਆਮ ਕਮੈਂਟ ਨੰ. 29 (2001);

ਵਿਅਕਤੀ ਦੀ ਸੁਰੱਖਿਆ ਦਾ ਅਧਿਕਾਰ: ਆਰਟੀਕਲ 9, ਪੈਰਾ 1, ICCPR, ਜਿਵੇਂ ਕਿ ਆਮ ਕਮੈਂਟ ਨੰ. 35, ਪੈਰਾ ਵਿੱਚ ਵਿਆਖਿਆ ਕੀਤੀ ਗਈ ਹੈ। 9.

## 5. ਯੂਜ਼ਰ ਦਾ ਬਿਆਨ

ਯੂਜ਼ਰ ਨੇ ਬੋਰਡ ਨੂੰ ਸੰਕੇਤ ਦਿੱਤਾ ਕਿ ਪੋਸਟ ਧਮਕਾਉਣ ਵਾਲੀ ਜਾਂ ਅਪਰਾਧਿਕ ਨਹੀਂ ਸੀ, ਬੱਸ ਵੀਡੀਓ ਦੀ ਸਮੱਗਰੀ ਨੂੰ ਦੁਹਰਾਇਆ ਗਿਆ ਸੀ ਅਤੇ ਉਸਦੇ ਨਜ਼ਰੀਏ ਨੂੰ ਪ੍ਰਦਰਸ਼ਿਤ ਕੀਤਾ ਗਿਆ ਸੀ। ਯੂਜ਼ਰ ਨੇ ਖਾਤੇ ਨੂੰ ਜ਼ਬਰਦਸਤੀ ਪ੍ਰਤੀਬੰਧਿਤ ਕਰਨ ਦੀ ਸ਼ਿਕਾਇਤ ਕੀਤੀ। ਉਨ੍ਹਾਂ ਨੇ ਸੁਝਾਅ ਦਿੱਤਾ ਕਿ Facebook ਨੂੰ ਇਤਰਾਜ਼ਯੋਗ ਵੀਡੀਓਜ਼ ਨੂੰ ਮਿਟਾ ਦੇਣਾ ਚਾਹੀਦਾ ਹੈ ਅਤੇ ਯੂਜ਼ਰਸ ਦੇ ਖਾਤੇ ਪ੍ਰਤੀਬੰਧਿਤ ਨਹੀਂ ਕਰਨੇ ਚਾਹੀਦੇ, ਜਦੋਂ ਤੱਕ ਉਹ ਕਿਸੇ ਧਮਕਾਉਣ ਵਾਲੇ ਜਾਂ ਅਪਰਾਧਿਕ ਵਿਵਹਾਰ ਵਿੱਚ ਨਹੀਂ ਸ਼ਾਮਲ ਨਹੀਂ ਹੁੰਦੇ। ਯੂਜ਼ਰ ਨੇ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਦੀ ਸਮੱਗਰੀ 'ਤੇ ਹਜ਼ਾਰਾਂ ਲੋਕਾਂ ਦਾ ਰੁਝਾਨ ਹੁੰਦਾ ਹੈ ਅਤੇ ਖਾਤੇ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ।

## 6. Facebook ਦੇ ਫੈਸਲੇ ਦੀ ਵਿਆਖਿਆ

Facebook ਦੇ ਮੁਤਾਬਕ, ਪੋਸਟ ਦੇ ਖਿਲਾਫ ਇੱਕ ਸਿੰਗਲ ਰਿਪੋਰਟ ਮਿਲਣ ਤੋਂ ਬਾਅਦ, ਸਮੱਗਰੀ ਦੀ ਸਮੀਖਿਆ ਕਰਨ ਵਾਲੇ ਵਿਅਕਤੀ ਨੇ ਗਲਤੀ ਨਾਲ ਉਸ ਪੋਸਟ ਨੂੰ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਦੀ ਉਲੰਘਣਾ ਕਰਨ ਦਾ ਦੋਸ਼ੀ ਸਮਝ ਲਿਆ। Facebook ਨੇ ਬੋਰਡ ਨੂੰ ਸੂਚਿਤ ਕੀਤਾ ਕਿ ਯੂਜ਼ਰ ਦੀ ਪੋਸਟ ਵਿੱਚ ਕਿਸੇ ਵਿਅਕਤੀ ਜਾਂ ਸੰਸਥਾ ਦਾ ਅਜਿਹਾ ਕੋਈ ਹਵਾਲਾ ਨਹੀਂ ਹੈ, ਜਿਸਨੂੰ ਖ਼ਤਰਨਾਕ ਮੰਨਿਆ ਜਾਵੇ। ਇਸ ਤੋਂ ਬਾਅਦ ਇਹ ਮੰਨਿਆ ਗਿਆ ਕਿ ਪੋਸਟ ਵਿੱਚ ਉਲੰਘਣਾ ਕਰਨ ਵਾਲੀ ਕੋਈ ਵੀ ਗੱਲ ਨਹੀਂ ਸੀ।

Facebook ਨੇ ਦੱਸਿਆ ਕਿ ਵੀਡੀਓ ਦੇ ਸਮੇਂ (17 ਮਿੰਟ), ਸਪੀਕਰਾਂ ਦੀ ਗਿਣਤੀ (ਦੋ), ਸਮੱਗਰੀ ਦੀ ਜਟਿਲਤਾ ਅਤੇ ਉਸ ਵਿੱਚ ਕਈ ਰਾਜਨੀਤਿਕ ਗਰੁੱਪਾਂ ਬਾਰੇ ਕੀਤੇ ਗਏ ਦਾਅਵਿਆਂ ਕਰਕੇ ਗਲਤੀ ਹੋਈ ਸੀ। ਕੰਪਨੀ ਨੇ ਇਹ ਵੀ ਦੱਸਿਆ ਕਿ ਸਮੱਗਰੀ ਦੇ ਸਮੀਖਿਅਕ ਰੋਜ਼ਾਨਾ ਹਜ਼ਾਰਾਂ ਸਮੱਗਰੀਆਂ ਨੂੰ ਦੇਖਦੇ ਹਨ ਅਤੇ ਪ੍ਰਕਿਰਿਆ ਵਿੱਚ ਗਲਤੀ ਹੋ ਜਾਂਦੀ ਹੈ। ਵੱਡੀ ਗਿਣਤੀ ਵਿੱਚ ਸਮੱਗਰੀਆਂ ਹੋਣ ਕਰਕੇ, Facebook ਨੇ ਕਿਹਾ ਕਿ ਸਮੱਗਰੀ ਦੇ ਸਮੀਖਿਅਕ ਹਮੇਸ਼ਾ ਪੂਰੀਆਂ ਵੀਡੀਓਜ਼ ਨਹੀਂ ਦੇਖ ਪਾਉਂਦੇ। Facebook ਸਮੱਗਰੀ ਦੇ ਉਸ ਹਿੱਸੇ ਨੂੰ ਦੱਸਣ ਵਿੱਚ ਅਸਮਰੱਥ ਸੀ, ਜਿਸਨੂੰ ਸਮੀਖਿਅਕ ਨੇ ਕੰਪਨੀ ਦੇ ਨਿਯਮਾਂ ਦੀ ਉਲੰਘਣਾ ਮੰਨਿਆ ਸੀ।

ਜਦੋਂ ਯੂਜ਼ਰ ਨੇ Facebook ਕੋਲ ਅਪੀਲ ਕੀਤੀ, ਤਾਂ ਉਨ੍ਹਾਂ ਨੂੰ ਸੂਚਿਤ ਕੀਤਾ ਗਿਆ ਕਿ COVID-19 ਕਰਕੇ ਕਰਮਚਾਰੀਆਂ ਦੀ ਕਮੀ ਹੋਣ ਦੇ ਕਾਰਨ, Facebook ਉਨ੍ਹਾਂ ਦੀ ਪੋਸਟ ਦੀ ਦੁਬਾਰਾ ਸਮੀਖਿਆ ਨਹੀਂ ਕਰ ਸਕਦਾ।

## 7. ਤੀਜੀ-ਧਿਰ ਦੇ ਸਬਮਿਸ਼ਨ

ਓਵਰਸਾਈਟ ਬੋਰਡ ਨੂੰ ਇਸ ਕੇਸ ਨਾਲ ਸੰਬੰਧਿਤ ਛੇ ਜਨਤਕ ਕਮੈਂਟ ਪ੍ਰਾਪਤ ਹੋਏ। ਜਿਨ੍ਹਾਂ ਵਿੱਚੋਂ ਦੋ ਯੂਰੋਪ ਤੋਂ ਅਤੇ ਚਾਰ ਸੰਯੁਕਤ ਰਾਜ ਅਤੇ ਕਨਾਡਾ ਤੋਂ ਸਬਮਿਟ ਕੀਤੇ ਗਏ ਸਨ। ਸਬਮਿਸ਼ਨਸ ਹੇਠਲੇ ਵਿਸ਼ਿਆਂ ਨੂੰ ਕਵਰ ਕਰਦੇ ਹਨ: ਰਾਜਨੀਤਿਕ ਪ੍ਰਗਟਾਵੇ ਦੀ ਗੁੰਜਾਇਸ਼, ਸਮੱਗਰੀ ਦੇ ਸੰਚਾਲਨ ਲਈ Facebook ਦਾ ਕਨੂੰਨੀ ਅਧਿਕਾਰ ਅਤੇ ਭਾਰਤ ਵਿੱਚ ਰਾਜਨੀਤਿਕ ਪ੍ਰਸੰਗ।

ਇਸ ਕੇਸ ਲਈ ਸਬਮਿਟ ਕੀਤੇ ਗਏ ਜਨਤਕ ਕਮੈਂਟਸ ਨੂੰ ਪੜ੍ਹਨ ਲਈ, ਕਿਰਪਾ ਕਰਕੇ ਇੱਥੇ ਕਲਿੱਕ ਕਰੋ।

## 8. ਓਵਰਸਾਈਟ ਬੋਰਡ ਵਿਸ਼ਲੇਸ਼ਣ

### 8.1 ਭਾਈਚਾਰਕ ਮਿਆਰਾਂ ਦੀ ਪਾਲਣਾ

ਬੋਰਡ ਨੇ ਇਹ ਨਤੀਜਾ ਕਢਿਆ ਕਿ ਸਮੱਗਰੀ ਹਟਾਉਣ ਨਾਲ ਸੰਬੰਧਿਤ Facebook ਦਾ ਮੂਲ ਫ਼ੈਸਲਾ, ਉਸਦੇ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਮੁਤਾਬਕ ਨਹੀਂ ਸੀ।

ਸਮੱਗਰੀ ਵਿੱਚ ਭਾਜਪਾ ਦੇ ਨਾਲ-ਨਾਲ RSS ਅਤੇ ਉਸਦੇ ਕਈ ਨੇਤਾਵਾਂ ਦਾ ਹਵਾਲਾ ਦਿੱਤਾ ਗਿਆ ਸੀ। Facebook ਨੇ ਦੱਸਿਆ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਗਰੁੱਪ ਜਾਂ ਵਿਅਕਤੀ ਨੂੰ ਉਨ੍ਹਾਂ ਦੇ ਭਾਈਚਾਰਕ ਮਿਆਰਾਂ ਦੇ ਅਧੀਨ “ਖ਼ਤਰਨਾਕ” ਨਹੀਂ ਮੰਨਿਆ ਗਿਆ ਅਤੇ ਉਹ ਕਿਸੇ ਅਜਿਹੇ ਖ਼ਾਸ ਸ਼ਬਦ ਦੀ ਪਛਾਣ ਨਹੀਂ ਕਰ ਸਕੇ, ਜਿਸ ਕਰਕੇ ਸਮੱਗਰੀ ਨੂੰ ਹਟਾਇਆ ਗਿਆ ਸੀ। ਬੋਰਡ ਨੇ ਕਿਹਾ ਕਿ, ਜੇ ਇਨ੍ਹਾਂ ਸੰਸਥਾਵਾਂ ਨੂੰ ਖ਼ਤਰਨਾਕ ਮੰਨਿਆ ਵੀ ਗਿਆ ਹੁੰਦਾ, ਤਾਂ ਵੀ ਸਮੱਗਰੀ ਵਿੱਚ ਉਨ੍ਹਾਂ ਨੂੰ ਨਿੰਦਿਆ ਹੀ ਗਿਆ। ਸਮੱਗਰੀ ਵਿੱਚ ਇੱਕ ਗਰੁੱਪ ਦੀ ਵਡਿਆਈ ਕੀਤੀ ਗਈ – ਭਾਰਤੀ ਕਿਸਾਨ, ਜੋ ਵਿਰੋਧ ਕਰ ਰਹੇ ਸੀ। ਇਸ ਲਈ ਲੱਗਦਾ ਹੈ ਕਿ ਇਸ ਸਮੱਗਰੀ ਦੀ ਸਮੀਖਿਆ ਲਈ ਲੋੜੀਂਦਾ ਸਮਾਂ ਜਾਂ ਧਿਆਨ ਨਹੀਂ ਦਿੱਤਾ ਗਿਆ।

ਬੋਰਡ ਮਹਿਸੂਸ ਕਰਦਾ ਹੈ ਕਿ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾਂ ਮੁਤਾਬਕ, ਉਲੰਘਣਾ ਕਰਨ ਵਾਲੀ ਸਮੱਗਰੀ ਹੀ ਹਟਾਈ ਜਾਵੇਗੀ। ਭਾਈਚਾਰਕ ਮਿਆਰਾਂ ਦੀ ਜਾਣਕਾਰੀ, ਨਾਲ ਹੀ Facebook ਦਾ ਸਹਾਇਤਾ ਕੇਂਦਰ ਅਤੇ Newsroom, ਦੱਸਦੇ ਹਨ ਕਿ ਗੰਭੀਰ ਜਾਂ ਲਗਾਤਾਰ ਉਲੰਘਣਾ ਦੇ ਕਾਰਨ, ਕੁਝ ਫ਼ੀਚਰਾਂ ਦੇ ਐਕਸੈਸ 'ਤੇ ਰੋਕ ਲਗਾਈ ਜਾ ਸਕਦੀ ਹੈ। ਇਸ ਕੇਸ ਵਿੱਚ, Facebook ਨੇ ਬੋਰਡ ਨੂੰ ਦੱਸਿਆ ਕਿ ਲਗਾਤਾਰ ਉਲੰਘਣਾ ਕਰਕੇ ਯੂਜ਼ਰ ਦੇ ਖਾਤੇ ਨੂੰ ਸਵੈਚਾਲਿਤ ਤੌਰ ‘ਤੇ ਇੱਕ ਨਿਸ਼ਚਿਤ ਸਮੇਂ ਲਈ ਪ੍ਰਤੀਬੰਧਿਤ ਕੀਤਾ ਗਿਆ। ਬੋਰਡ ਨੇ ਪਾਇਆ ਕਿ ਕੰਪਨੀ ਦੇ ਭਾਈਚਾਰਕ ਮਿਆਰਾਂ ਮੁਤਾਬਕ, ਉਲੰਘਣਾ ਕੀਤੀ ਗਈ ਸੀ।

Facebook ਨੇ ਬੋਰਡ ਨੂੰ ਦੱਸਿਆ ਕਿ ਖਾਤਿਆਂ ਨੂੰ ਸਵੈਚਾਲਿਤ ਤੌਰ ‘ਤੇ ਪ੍ਰਤੀਬੰਧਿਤ ਕੀਤਾ ਜਾਂਦਾ ਹੈ। ਭਾਈਚਾਰਕ ਮਿਆਰਾਂ ਦੀ ਉਲੰਘਣਾ ਨੂੰ ਸੁਨਿਸ਼ਚਿਤ ਕਰਨ ਤੋਂ ਬਾਅਦ, ਇਹ ਪ੍ਰਤੀਬੰਧ ਲਗਾਏ ਜਾਂਦੇ ਹਨ ਅਤੇ

ਇਹ ਵਿਅਕਤੀ ਦੀ ਉਲੰਘਣਾ ਕਰਨ ਦੇ ਇਤਿਹਾਸ 'ਤੇ ਨਿਰਭਰ ਕਰਦੇ ਹਨ। ਇਸਦਾ ਮਤਲਬ ਹੈ ਕਿ ਸਮੱਗਰੀ ਦੇ ਸਮੀਖਿਅਕ ਵਿਅਕਤੀ ਨੂੰ ਇਹ ਨਹੀਂ ਪਤਾ ਸੀ, ਕਿ ਸਮੱਗਰੀ ਨੂੰ ਹਟਾਉਣ ਦੇ ਨਾਲ ਖਾਤੇ 'ਤੇ ਪ੍ਰਤੀਬੰਧ ਲੱਗ ਜਾਵੇਗਾ ਅਤੇ ਉਹ ਪ੍ਰਤੀਬੰਧ ਦੀ ਚੋਣ ਕਰਨ ਵਿੱਚ ਸ਼ਾਮਲ ਨਹੀਂ ਹੈ। ਬੋਰਡ ਦੱਸਦਾ ਹੈ ਕਿ ਗਲਤੀਆਂ ਕਰਨ ਦੇ ਨਤੀਜੇ ਗੰਭੀਰ ਹੋ ਸਕਦੇ ਹਨ ਅਤੇ ਇਹ ਚਿੰਤਾ ਜ਼ਾਹਰ ਕਰਦਾ ਹੈ ਕਿ ਇਸ ਕੇਸ ਵਿੱਚ ਖਾਤੇ 'ਤੇ ਗਲਤ ਤਰੀਕੇ ਨਾਲ ਪ੍ਰਤੀਬੰਧ ਲਗਾਏ ਗਏ ਸਨ।

## 8.2 Facebook ਦੀਆਂ ਕਦਰਾਂ ਦੀ ਪਾਲਣਾ

ਬੋਰਡ ਨੇ ਪਾਇਆ ਕਿ ਸਮੱਗਰੀ ਨੂੰ ਹਟਾਉਣ ਸੰਬੰਧੀ Facebook ਦਾ ਫ਼ੈਸਲਾ, ਉਸਦੀਆਂ ਕਦਰਾਂ ("ਆਵਾਜ਼," "ਸਨਮਾਨ" ਅਤੇ "ਸੁਰੱਖਿਆ") ਮੁਤਾਬਕ ਨਹੀਂ ਸੀ। ਮੀਡੀਆ ਰਿਪੋਰਟ ਨਾਲ ਲਿੰਕ ਕੀਤੀ ਅਤੇ ਮਹੱਤਵਪੂਰਨ ਰਾਜਨੀਤਿਕ ਮੁੱਦਿਆਂ ਨਾਲ ਸੰਬੰਧਿਤ ਸਮੱਗਰੀ, ਜਿਸ ਵਿੱਚ ਘੱਟ-ਗਿਣਤੀਆਂ ਦੇ ਅਧਿਕਾਰਾਂ ਦੀ ਕਥਿਤ ਉਲੰਘਣਾ ਬਾਰੇ ਕਮੈਂਟ ਅਤੇ ਸੀਨੀਅਰ ਭਾਜਪਾ ਨੇਤਾਵਾਂ ਅਤੇ RSS ਵੱਲੋਂ ਵਿਰਧੀਆਂ ਨੂੰ ਦਬਾਉਣਾ ਸ਼ਾਮਲ ਹੈ। ਇਸ ਲਈ, ਗਲਤ ਤਰੀਕੇ ਨਾਲ ਪੋਸਟ ਨੂੰ ਹਟਾਉਣਾ, "ਆਵਾਜ਼" ਅਤੇ "ਸਨਮਾਨ" ਦੀਆਂ ਕਦਰਾਂ ਨੂੰ ਘਟਾਉਂਦਾ ਹੈ।

Facebook ਨੇ ਸੰਕੇਤ ਦਿੱਤਾ ਕਿ ਉਹ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਨੂੰ ਲਾਗੂ ਕਰਨ ਵੇਲੇ "ਸੁਰੱਖਿਆ" ਦੀਆਂ ਕਦਰਾਂ ਨੂੰ ਤਰਜੀਹ ਦਿੰਦਾ ਹੈ। ਹਾਲਾਂਕਿ, ਇਸ ਕੇਸ ਵਿੱਚ, ਸਮੱਗਰੀ ਕਿਸੇ ਵੀ ਖ਼ਤਰਨਾਕ ਵਿਅਕਤੀ ਜਾਂ ਸੰਸਥਾ ਦਾ ਹਵਾਲਾ ਨਹੀਂ ਦਿੰਦੀ ਜਾਂ ਉਸਦੀ ਵਡਿਆਈ ਨਹੀਂ ਕਰਦੀ। ਇਸ ਦੀ ਬਜਾਏ, ਬੋਰਡ ਨੇ ਪਾਇਆ ਕਿ ਸਮੱਗਰੀ ਵਿੱਚ ਸਰਕਾਰੀ ਅਦਾਕਾਰਾਂ ਅਤੇ ਰਾਜਨੀਤਿਕ ਗਰੁੱਪਾਂ ਦੀ ਨਿੰਦਿਆਂ ਕੀਤੀ ਗਈ।

## 8.3 Facebook ਵੱਲੋਂ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਦੀ ਪਾਲਣਾ

Facebook ਦੀ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ 'ਤੇ ਭਾਈਚਾਰਕ ਮਿਆਰਾਂ ਦੀ ਐਪਲੀਕੇਸ਼ਨ, ਕੰਪਨੀ ਦੇ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਅਤੇ ਉਸ ਵੱਲੋਂ UNGPs ਨੂੰ ਦਿੱਤੀ ਗਈ ਜਨਤਕ ਵਚਨਬੱਧਤਾ ਮੁਤਾਬਕ ਨਹੀਂ ਸੀ। ਸਿਧਾਂਤ 11 ਅਤੇ 13, ਵਪਾਰਾਂ ਨੂੰ ਮਨੁੱਖੀ ਅਧਿਕਾਰਾਂ ਦੇ ਮਾੜੇ ਪ੍ਰਭਾਵਾਂ ਦਾ ਕਾਰਨ ਬਣਨ ਜਾਂ ਉਨ੍ਹਾਂ ਵਿੱਚ ਯੋਗਦਾਨ ਪਾਉਣ ਤੋਂ ਬਚਣ ਅਤੇ ਘਟਾਉਣ ਲਈ ਕਹਿੰਦੇ ਹਨ, ਜੋ ਕਿ ਉਨ੍ਹਾਂ ਦੀਆਂ ਗਤਿਵਿਧਿਆਂ ਜਾਂ ਰਾਜ ਦੇ ਅਦਾਕਾਰਾਂ ਸਮੇਤ, ਦੂਜੀਆਂ ਪਾਰਟੀਆਂ ਨਾਲ ਸੰਬੰਧਾਂ ਦੇ ਕਾਰਨ ਬਣ ਸਕਦੇ ਹਨ।

*I. ਪ੍ਰਗਟਾਵੇ ਅਤੇ ਜਾਣਕਾਰੀ ਦੀ ਆਜ਼ਾਦੀ (ਆਰਟੀਕਲ 19, ICCPR)*

ICCPR ਦਾ ਆਰਟੀਕਲ 19, ਪ੍ਰਗਟਾਵੇ ਦੀ ਆਜ਼ਾਦੀ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ ਅਤੇ ਉਹ ਖੁੱਲ੍ਹੀ ਜਨਤਕ ਬਹਿਸ ਦਾ ਵਿਸ਼ੇਸ਼ ਮਹੱਤਵ ਰੱਖਦੇ ਹਨ, ਜੋ ਖ਼ਾਸਕਰ ਰਾਜਨੀਤਿਕ ਸ਼ਖਸੀਅਤਾਂ ਅਤੇ ਮਨੁੱਖੀ ਅਧਿਕਾਰਾਂ ਦੀ ਚਰਚਾ ਨਾਲ ਸੰਬੰਧਿਤ ਹੋਣ (ਆਮ ਕਮੈਂਟ 34, ਪੈਰਾ 11 ਅਤੇ 34)।

ਆਰਟੀਕਲ 19, ਜਾਣਕਾਰੀ ਲੱਭਣ ਅਤੇ ਪ੍ਰਾਪਤ ਕਰਨ ਦੇ ਅਧਿਕਾਰ ਦੀ ਵੀ ਗਾਰੰਟੀ ਦਿੰਦਾ ਹੈ, ਇਸ ਵਿੱਚ ਮੀਡੀਆ ਤੋਂ ਜਾਣਕਾਰੀ ਲੱਭਣ ਅਤੇ ਪ੍ਰਾਪਤ ਕਰਨਾ ਵੀ ਸ਼ਾਮਲ ਹੈ (ਆਮ ਕਮੈਂਟ 34, ਪੈਰਾ 13)। ਇਹ ਗਾਰੰਟੀ , ਬਿਨਾਂ ਕਿਸੇ ਵਿਤਕਰੇ ਦੇ ਹੈ ਅਤੇ ਮਨੁੱਖੀ ਅਧਿਕਾਰਾਂ ਦੇ ਕਨੂੰਨ, ਆਜ਼ਾਦ ਅਤੇ ਵੱਖੋ-ਵੱਖ ਮੀਡੀਆ ਦੀ ਮਹੱਤਤਾ ‘ਤੇ ਜ਼ੋਰ ਦਿੰਦਾ ਹੈ, ਖ਼ਾਸਕਰ ਨਸਲੀ ਅਤੇ ਭਾਸ਼ਾਈ ਘੱਟ-ਗਿਣਤੀਆਂ ਲਈ (ਆਮ ਕਮੈਂਟ 34, ਪੈਰਾ 14)।

*a.* ਵੈਧਤਾ

ਬੋਰਡ ਨੇ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇਂ ਭਾਈਚਾਰਕ ਮਿਆਰਾਂ ਨੂੰ ਐਕਸੈਸ ਕਰਨ ਨਾਲ ਸੰਬੰਧਿਤ ਪਹਿਲਾਂ ਵੀ ਇਹ ਚਿੰਤਾ ਜ਼ਾਹਰ ਕੀਤੀ ਹੈ, ਜਿਸ ਵਿੱਚ "ਵਡਿਆਈ," ਅਤੇ ਖ਼ਤਰਨਾਕ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਪਛਾਨਣ ਦੀ ਪ੍ਰਕਿਰਿਆ ‘ਤੇ Facebook ਦੀ ਵਿਆਖਿਆ ਸ਼ਾਮਲ ਹੈ (ਕੇਸ ਦਾ ਫ਼ੈਸਲਾ 2020-005-FB-UA)। ਵਿਵੇਕ ਨੂੰ ਅਹਿਮੀਅਤ ਦੇਣ ਅਤੇ ਜਲਦਬਾਜ਼ੀ ਦੇ ਫ਼ੈਸਲਿਆਂ ਨੂੰ ਰੋਕਣ ਲਈ ਸਹੀ ਨਿਯਮ ਮਹੱਤਵਪੂਰਨ ਹੁੰਦੇ ਹਨ (ਆਮ ਕਮੈਂਟ ਨੰ. 34, ਪੈਰਾ 25), ਅਤੇ ਇਹ ਪੱਖਪਾਤ ਨੂੰ ਰੋਕਣ ਵਿੱਚ ਵੀ ਸਹਾਇਕ ਹੁੰਦੇ ਹਨ। ਉਹ Facebook ਦੇ ਯੂਜ਼ਰਸ ਨੂੰ ਉਨ੍ਹਾਂ ‘ਤੇ ਲਾਗੂ ਕੀਤੇ ਗਏ ਨਿਯਮਾਂ ਨੂੰ ਸਮਝਣ ਲਈ ਵੀ ਮਦਦਗਾਰ ਹਨ। ਪ੍ਰਗਟਾਵੇ ਦੀ ਆਜ਼ਾਦੀ ‘ਤੇ ਕੰਮ ਕਰ ਰਹੇ ਸਯੁੰਕਤ ਰਾਜ ਦੇ ਖ਼ਾਸ ਰਿਪੋਰਟਰ ਨੇ ਸੋਸ਼ਲ ਮੀਡੀਆ ਦੀਆਂ ਕੰਪਨੀਆਂ ਵੱਲੋਂ ਅਸਪਸ਼ਟ ਨਿਯਮਾਂ ਨੂੰ ਅਪਨਾਉਣ ਬਾਰੇ ਚਿੰਤਾ ਜ਼ਾਹਰ ਕੀਤੀ ਸੀ ਜੋ ਖ਼ਤਰਨਾਕ ਸੰਸਥਾਵਾਂ ਦੀ ਵਿਆਪਕ ਤੌਰ 'ਤੇ "ਵਡਿਆਈ" ਅਤੇ "ਸਮਰਥਨ" ਕਰਨ ਵਾਲੇ ਨੇਤਾਵਾਂ 'ਤੇ ਪ੍ਰਤੀਬੰਧ ਲਗਾਉਂਦੀਆਂ ਹਨ (ਰਿਪੋਰਟ A/HRC/38/35, ਪੈਰਾ 26)।

ਨਿਯਮ ਦੀ ਉਲੰਘਣਾ ਕਰਨ ਦੇ ਨਤੀਜੇ, ਜਿਵੇਂ ਕਿ ਖਾਤੇ ਦੀਆਂ ਸਹੂਲਤਾਂ ‘ਤੇ ਰੋਕ ਲਗਾਉਣਾ ਜਾਂ ਖਾਤੇ ਨੂੰ ਬੰਦ ਕਰਨਾ, ਲਾਜ਼ਮੀ ਤੌਰ ‘ਤੇ ਸਪਸ਼ਟ ਹੋਣੇ ਚਾਹੀਦੇ ਹਨ। ਬੋਰਡ ਇਸ ਬਾਰੇ ਵੀ ਚਿੰਤਿਤ ਹੈ ਕਿ ਖਾਤੇ ਨੂੰ ਪ੍ਰਤੀਬੰਧਿਤ ਕਰਨ ਦੀ ਜਾਣਕਾਰੀ, ਬਹੁਤ ਸਾਰੀਆਂ ਲੋਕੇਸ਼ਨ ‘ਤੇ ਫੈਲੀ ਹੋਈ ਹੈ, ਪਰ ਲੋਕਾਂ ਦੀ ਉਮੀਦ ਮੁਤਾਬਕ ਪੂਰੀ ਜਾਣਕਾਰੀ ਭਾਈਚਾਰਕ ਮਿਆਰਾਂ ‘ਤੇ ਨਹੀਂ ਦਿੱਤੀ ਗਈ ਹੈ। ਇਹ ਮਹੱਤਵਪੂਰਨ ਹੈ ਕਿ ਯੂਜ਼ਰਸ ਨੂੰ ਲੋੜੀਂਦੇ ਨੋਟਿਸ ਅਤੇ ਜਾਣਕਾਰੀ ਦਿੱਤੀ ਜਾਵੇ, ਜਦੋਂ ਉਹ ਨਿਯਮਾਂ ਦੀ ਉਲੰਘਣਾ ਕਰਦੇ ਹਨ, ਤਾਂਕਿ ਉਹ ਆਪਣੇ ਵਿਵਹਾਰ ਨੂੰ ਉਸ ਮੁਤਾਬਕ ਬਣਾ ਸਕਣ। ਬੋਰਡ ਆਪਣੇ ਪਿਛਲੇ ਸੁਝਾਵਾਂ ਬਾਰੇ ਦੱਸਦਾ ਹੈ ਕਿ Facebook ਨੂੰ ਯੂਜ਼ਰਸ ਵੱਲੋਂ ਹਰੇਕ ਸਰੋਤ ਤੋਂ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਨਹੀਂ ਕਰਨੀ ਚਾਹੀਦੀ ਅਤੇ ਭਾਈਚਾਰਕ ਮਿਆਰਾਂ ਵਿੱਚ ਨਿਯਮਾਂ ਨੂੰ ਏਕੀਕ੍ਰਿਤ ਕਰਨਾ ਚਾਹੀਦਾ ਹੈ (ਕੇਸ ਦਾ ਫ਼ੈਸਲਾ 2020-006-FB-FBR, ਸੈਕਸ਼ਨ9.2)।

ਬੋਰਡ ਚਿੰਤਿਤ ਹੈ ਕਿ ਭਾਈਚਾਰਕ ਮਿਆਰਾਂ ਦਾ ਪੰਜਾਬੀ ਵਿੱਚ ਅਨੁਵਾਦ ਨਹੀਂ ਕੀਤਾ ਗਿਆ, ਜੋ ਦੁਨੀਆ ਭਰ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਭਾਰਤ ਵਿੱਚ ਇਸਦੇ 30 ਮਿਲੀਅਨ ਸਪੀਕਰ ਹਨ। ਪੰਜਾਬੀ ਭਾਸ਼ਾ ਵਿੱਚ ਕੰਮ ਕਰਨ ਵਾਲੇ ਸੰਚਾਲਕਾਂ ਲਈ ਵੀ, Facebook ਦੇ ਅੰਦਰੂਨੀ ਲਾਗੂਕਰਨ ਮਿਆਰ ਪੰਜਾਬੀ ਵਿੱਚ ਉਪਲਬਧ ਨਹੀਂ ਹਨ। ਇਸ ਕਰਕੇ ਸੰਭਾਵਿਤ ਤੌਰ ‘ਤੇ ਯੂਜ਼ਰਸ ਨੂੰ ਨਿਯਮ ਸਮਝਣ ਵਿੱਚ ਪਰੇਸ਼ਾਨੀ ਹੁੰਦੀ ਹੈ, ਅਤੇ ਸੰਚਾਲਕਾਂ ਵੱਲੋਂ ਲਾਗੂਕਰਨ ਦੀਆਂ ਗਲਤੀਆਂ ਕਰਨ ਦੀ ਸੰਭਾਵਨਾ ਵੱਧ ਜਾਂਦੀ ਹੈ। ਘੱਟ-ਗਿਣਤੀਆਂ ਦੀ ਆਬਾਦੀ 'ਤੇ ਸੰਭਾਵਿਤ ਤੌਰ' ਤੇ ਪੈਣ ਵਾਲੇ ਖ਼ਾਸ ਪ੍ਰਭਾਵ, ਮਨੁੱਖੀ ਅਧਿਕਾਰਾਂ ਦੀਆਂ ਚਿੰਤਾਵਾਂ ਨੂੰ ਵਧਾਉਂਦੇ ਹਨ (A/HRC/22/49, ਪੈਰਾ 57)।

*b.* ਕਨੂੰਨੀ ਉਦੇਸ਼

ਆਰਟੀਕਲ 19, ਪੈਰਾ 3, ICCPR ਦੱਸਦਾ ਹੈ ਕਿ ਕਨੂੰਨੀ ਉਦੇਸ਼ਾਂ ਵਿੱਚ ਅਧਿਕਾਰਾਂ ਦੀ ਕਦਰ ਜਾਂ ਦੂਜਿਆਂ ਦਾ ਸਨਮਾਨ ਕਰਨ ਅਤੇ ਨਾਲ ਹੀ ਰਾਸ਼ਟਰੀ ਸੁਰੱਖਿਆ ਦੀ ਰੱਖਿਆ, ਜਨਤਕ ਆਦੇਸ਼, ਜਾਂ ਜਨਤਕ ਸਿਹਤ ਜਾਂ ਨੈਤਿਕਤਾ ਆਦਿ ਸ਼ਾਮਲ ਹੁੰਦੇ ਹਨ। Facebook ਨੇ ਇਹ ਸੰਕੇਤ ਦਿੱਤਾ ਹੈ ਕਿ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੇ ਭਾਈਚਾਰਕ ਮਿਆਰਾ ਦਾ ਉਦੇਸ਼ ਦੂਜਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਬੋਰਡ ਨੂੰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਨੀਤੀ ਖ਼ਾਸਕਰ ਜ਼ਿੰਦਗੀ ਦੇ ਅਧਿਕਾਰ ਦੀ ਰੱਖਿਆ, ਵਿਅਕਤੀਗਤ ਸੁਰੱਖਿਆ, ਬਰਾਬਰੀ ਅਤੇ ਬਿਨਾਂ ਕਿਸੇ ਵਿਤਕਰੇ ਦੇ ਕਨੂੰਨੀ ਉਦੇਸ਼ ਦਾ ਪਾਲਣ ਕਰਦੀ ਹੈ (ਆਮ ਕਮੈਂਟ 34, ਪੈਰਾ 28; ਓਵਰਸਾਈਟ ਬੋਰਡ ਦਾ ਫ਼ੈਸਲਾ 2020-005-FB-UA)।

*c.* ਲੋੜ ਅਤੇ ਅਨੁਪਾਤਕਤਾ

ਕਨੂੰਨੀ ਉਦੇਸ਼ ਪ੍ਰਾਪਤ ਕਰਨ ਲਈ, ਪ੍ਰਤੀਬੰਧ ਲਾਜ਼ਮੀ ਅਤੇ ਅਨੁਪਾਤਕ ਹੋਣੇ ਚਾਹੀਦੇ ਹਨ। ਕੀਤੀ ਗਈ ਖ਼ਾਸ ਕਾਰਵਾਈ ਅਤੇ ਪ੍ਰਗਟਾਵੇ ਤੋਂ ਪੈਦਾ ਹੋਏ ਖਤਰੇ ਦੀ ਲੋੜ ਅਤੇ ਅਨੁਪਾਤਕਤਾ ਵਿੱਚ ਸਿੱਧਾ ਸੰਬੰਧ ਹੋਣਾ ਲਾਜ਼ਮੀ ਹੈ (ਆਮ ਕਮੈਂਟ 34, ਪੈਰਾ 35)। Facebook ਨੇ ਇਹ ਸਵੀਕਾਰ ਕੀਤਾ ਕਿ ਉਸਦਾ ਸਮੱਗਰੀ ਨੂੰ ਹਟਾਉਣ ਦਾ ਫ਼ੈਸਲਾ ਗਲਤ ਸੀ ਅਤੇ ਉਹ ਇਸ ਬਾਰੇ ਬਹਿਸ ਨਹੀਂ ਕਰਦਾ ਕਿ ਇਹ ਕਾਰਵਾਈ ਜ਼ਰੂਰੀ ਸੀ ਜਾਂ ਅਨੁਪਾਤਕ।

ਰਾਜਨੀਤਿਕ ਮੁੱਦਿਆਂ ਦੇ ਪ੍ਰਗਟਾਵੇ ‘ਤੇ ਪ੍ਰਤੀਬੰਧ ਲਗਾਉਣ ਵਾਲੀਆਂ ਗਲਤੀਆਂ, ਇੱਕ ਗੰਭੀਰ ਚਿੰਤਾ ਹੈ। ਇਹ ਵਿਸ਼ੇਸ਼ ਤੌਰ 'ਤੇ ਚਿੰਤਾਜਨਕ ਹੈ, ਜੇ ਅਜਿਹੀਆਂ ਗਲਤੀਆਂ ਵਿਆਪਕ ਹਨ ਅਤੇ ਖ਼ਾਸਕਰ ਜੇ ਇਹ ਘੱਟ-ਗਿਣਤੀ ਦੀ ਭਾਸ਼ਾ ਬੋਲਣ ਵਾਲਿਆਂ ਜਾਂ ਧਾਰਮਿਕ ਘੱਟ-ਗਿਣਤੀਆਂ ਨੂੰ ਪ੍ਰਭਾਵਿਤ ਕਰਦੀ ਹੈ, ਜੋ ਕਿ ਪਹਿਲਾਂ ਹੀ ਰਾਜਨੀਤਿਕ ਤੌਰ ‘ਤੇ ਦਬਾਏ ਗਏ ਹੋ ਸਕਦੇ ਹਨ। ਘੱਟ-ਗਿਣਤੀ ਦੇ ਮੁੱਦਿਆਂ ‘ਤੇ ਸਯੁੰਕਤ ਰਾਜ ਦੇ ਖ਼ਾਸ ਰਿਪੋਰਟਰ ਨੇ ਭਾਰਤ ਵਿੱਚ Facebook ‘ਤੇ ਘੱਟ-ਗਿਣਤੀ ਵਾਲੇ ਗਰੁੱਪਾਂ ਲਈ ਵਰਤੀ ਜਾਣ ਵਾਲੀ ਅਸਭਿਅਕ ਭਾਸ਼ਾ ‘ਤੇ ਚਿੰਤਾ ਜ਼ਾਹਰ ਕੀਤੀ ((A/HRC/46/57, ਪੈਰਾ 40)। ਅਜਿਹੇ ਧਾਰਮਿਕ ਪ੍ਰਸੰਗਾਂ ਵਿੱਚ ਕੀਤੀ ਜਾਣ ਵਾਲੀਆਂ ਗਲਤੀਆਂ, ਨਫ਼ਰਤ ਭਰੀਆਂ ਅਤੇ ਪੱਖਪਾਤੀ ਬਿਆਨਬਾਜ਼ੀਆਂ ਦਾ ਸਾਹਮਣਾ ਕਰਨ

ਵਾਲੀਆਂ ਘੱਟ-ਗਿਣਤੀ ਦੀਆਂ ਆਵਾਜ਼ਾਂ ਨੂੰ ਦਬਾ ਸਕਦੀਆਂ ਹਨ, ਜਿਵੇਂ ਕਿ ਇਸ ਕੇਸ ਵਿੱਚ ਹੋਇਆ।

ਜਦੋਂ ਇਹ ਪੋਸਟ ਪਾਈ ਗਈ ਸੀ, ਉਸ ਵੇਲੇ ਭਾਰਤ ਵਿੱਚ ਰਾਜਨੀਤਿਕ ਪ੍ਰਸੰਗ, ਸਰਕਾਰ ਦੇ ਖਿਲਾਫ ਇੱਕ ਵੱਡਾ ਕਿਸਾਨੀ ਸੰਘਰਸ਼ ਚੱਲ ਰਿਹਾ ਸੀ ਅਤੇ ਉਸ ਨਾਲ ਸੰਬੰਧਿਤ ਸਮੱਗਰੀ ਨੂੰ ਹਟਾਉਣ ਲਈ ਸਰਕਾਰੀ ਦਬਾਅ ਵੱਧ ਰਿਹਾ ਸੀ, ਜੋ ਸਹੀ ਫ਼ੈਸਲੇ ਲੈਣ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਇਸ ਕੇਸ ਵਿੱਚ, ਸਮੱਗਰੀ ਸੰਘਰਸ਼ ਨਾਲ ਸੰਬੰਧਿਤ ਸੀ ਅਤੇ ਵਿਰੋਧੀ ਧਿਰਾਂ ਦੀਆਂ ਆਵਾਜ਼ਾਂ ਨੂੰ ਦਬਾਇਆ ਗਿਆ ਹੈ। ਇਸ ਵਿੱਚ ਵਿਸ਼ਿਆਂ 'ਤੇ ਘੱਟ-ਗਿਣਤੀ ਦੀ ਭਾਸ਼ਾ ਵਾਲੇ ਮੀਡੀਆ ਆਊਟਲੇਟ ਵੱਲੋਂ ਇੱਕ ਇੰਟਰਵਿਊ ਦਾ ਲਿੰਕ ਵੀ ਸ਼ਾਮਲ ਸੀ। ਵੱਡੇ ਪਲੇਟਫ਼ਾਰਮਾਂ ਨੂੰ ਘੱਟ-ਗਿਣਤੀਆਂ ਦੇ ਪ੍ਰਗਟਾਵੇ ਨੂੰ ਦਬਾਉਣ ਤੋਂ ਬਚਣਾ ਚਾਹੀਦਾ ਹੈ, ਜੋ ਆਪਣੀ ਸਰਕਾਰ ਦਾ ਵਿਰੋਧ ਕਰਦਿਆਂ ਮੀਡੀਆ ਬਹੁਵਾਦ ਅਤੇ ਵਿਭਿੰਨਤਾ ਨੂੰ ਕਾਇਮ ਰੱਖ ਰਹੇ ਹਨ (ਆਮ ਕਮੈਂਟ 34, ਪੈਰਾ 40)। ਇਸ ਨਾਜ਼ੁਕ ਸਮੇਂ ਦੌਰਾਨ, ਖਾਤਾ ਪ੍ਰਤੀਬੰਧ, ਜੋ ਯੂਜ਼ਰਸ ਨੂੰ ਪਲੇਟਫਾਰਮ ਤੋਂ ਗਲਤ ਤਰੀਕੇ ਨਾਲ ਬਾਹਰ ਕਢਦੇ ਹਨ, ਖ਼ਾਸ ਤੌਰ 'ਤੇ ਅਨਉਚਿਤ ਸਨ।

Facebook ਨੇ ਦੱਸਿਆ ਕਿ COVID-19 ਵਿਸ਼ਵ-ਵਿਆਪੀ ਮਹਾਂਮਾਰੀ ਕਰਕੇ, ਸਮਰੱਥਾ ਵਿੱਚ ਕਮੀ ਆਉਣ ਦੇ ਕਾਰਨ, ਅਪੀਲ 'ਤੇ ਕਾਰਵਾਈ ਨਹੀਂ ਕਰ ਸਕੇ। ਭਾਵੇਂ ਕਿ ਬੋਰਡ ਇਨ੍ਹਾਂ ਵਿਲੱਖਣ ਹਾਲਾਤਾਂ ਨੂੰ ਸਮਝਦਾ ਹੈ, ਪਰ ਫਿਰ ਵੀ ਉਹ ਦੁਬਾਰਾ Facebook ਵੱਲੋਂ, ਉਨ੍ਹਾਂ ਦੇ ਫ਼ੈਸਲਿਆਂ ਖਿਲਾਫ਼ ਅਪੀਲ ਕਰਨ ਲਈ, ਪ੍ਰਦਾਨ ਕੀਤੀ ਜਾਣ ਵਾਲੀ ਪਾਰਦਰਸ਼ੀ ਅਤੇ ਪਹੁੰਚਯੋਗ ਪ੍ਰਕਿਰਿਆਵਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ (UNGPs, ਸਿਧਾਂਤ 11; A/74/486, ਪੈਰਾ 53)। ਜਿਵੇਂ ਕਿ ਬੋਰਡ ਨੇ ਕੇਸ ਦੇ ਫ਼ੈਸਲੇ 2020-004-IG-UA, ਵਿੱਚ ਦੱਸਿਆ, ਬੋਰਡ ਦੇ ਕੋਲ ਆਉਣ ਤੋਂ ਪਹਿਲਾਂ, ਕੇਸ ਲਈ Facebook ਕੋਲ ਅਪੀਲ ਕੀਤੀ ਜਾਣੀ ਚਾਹੀਦੀ ਹੈ। ਸਮਾਧਾਨ ਤੱਕ ਯੂਜ਼ਰਸ ਦਾ ਐਕਸੈਸ ਸੁਨਿਸ਼ਚਿਤ ਕਰਨ ਲਈ, Facebook ਨੂੰ ਜਲਦ ਤੋਂ ਜਲਦ ਆਪਣੀ ਪੂਰੀ ਸਮਰੱਥਾ ਨਾਲ ਕੰਮ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।

ਬੋਰਡ ਮੰਨਦਾ ਹੈ ਕਿ ਵੱਡੇ ਪੈਮਾਨੇ 'ਤੇ ਸਮੱਗਰੀ ਨੂੰ ਸੰਚਾਲਿਤ ਕਰਦਿਆਂ, ਗਲਤੀਆਂ ਹੋ ਜਾਂਦੀਆਂ ਹਨ। ਫਿਰ ਵੀ, ਮਨੁੱਖੀ ਅਧਿਕਾਰਾਂ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਨੂੰ ਰੋਕਣ, ਘਟਾਉਣ ਅਤੇ ਹੱਲ ਕਰਨ ਲਈ, ਇਨ੍ਹਾਂ ਗਲਤੀਆਂ ਤੋਂ ਸਿੱਖਣਾ, Facebook ਦੀ ਜ਼ਿੰਮੇਵਾਰੀ ਹੈ (UNGPs, ਸਿਧਾਂਤ 11 ਅਤੇ 13)।

ਸਿਰਫ ਇੱਕ ਕੇਸ ਤੋਂ ਇਹ ਦੱਸਣਾ ਮੁਮਕਿਨ ਨਹੀਂ ਹੈ ਕਿ ਇਹ ਲਾਗੂਕਰਨ, ਸਮੀਖਿਅਕ ਵੱਲੋਂ ਜਾਣ ਬੁਝ ਕੇ ਜਾਂ ਅਨਜਾਣੇ ਵਿੱਚ ਕੀਤਾ ਗਿਆ ਪੱਖਪਾਤ ਸੀ। Facebook ਨੇ ਕਿਸਾਨੀ ਸੰਘਰਸ਼ ਨਾਲ ਸੰਬੰਧਿਤ ਸਮੱਗਰੀ 'ਤੇ ਪ੍ਰਤੀਬੰਧ ਲਗਾਉਣ ਲਈ ਭਾਰਤੀ ਅਧਿਕਾਰੀਆਂ ਵੱਲੋਂ ਸੰਭਾਵਿਤ ਗੱਲਬਾਤ, ਕਿਸਾਨਾਂ ਦੇ ਸਮਾਧਾਨ ਲਈ ਸਰਕਾਰ ਦੀ ਅਹਿਮ ਸਮੱਗਰੀ ਜਾਂ ਸੰਘਰਸ਼ ਦੀ ਚਿੰਤਾ ਜ਼ਾਹਰ ਕਰਨ ਵਾਲੀ ਸਮੱਗਰੀ ਸੰਬੰਧੀ ਬੋਰਡ ਦੇ ਸਵਾਲਾਂ ਦਾ ਜਵਾਬ ਦੇਣ ਤੋਂ ਮਨ੍ਹਾ ਵੀ ਕਰ ਦਿੱਤਾ। Facebook ਨੇ ਸੁਨਿਸ਼ਚਿਤ ਕੀਤਾ ਕਿ ਮੰਗੀ ਗਈ ਜਾਣਕਾਰੀ, ਚਾਰਟਰ ਦੇ ਇਰਾਦੇ ਮੁਤਾਬਕ ਫ਼ੈਸਲਾ ਲੈਣ ਲਈ ਲੋੜੀਂਦੀ ਨਹੀਂ ਸੀ ਅਤੇ/ਜਾਂ ਕਨੂੰਨੀ, ਗੋਪਨੀਯਤਾ, ਸੁਰੱਖਿਆ, ਜਾਂ ਡੇਟਾ ਰੱਖਿਆ ਦੇ ਪ੍ਰਤੀਬੰਧਾਂ ਜਾਂ ਚਿੰਤਾਵਾਂ ਕਰਕੇ, ਨਹੀਂ ਦੇਣੀ ਚਾਹੀਦੀ ਸੀ। Facebook ਨੇ ਆਪਣੀ

ਅਸਵੀਕ੍ਰਿਤੀ ਨੂੰ ਜਾਇਜ਼ ਠਹਿਰਾਉਣ ਲਈ, ਓਵਰਸਾਈਟ ਬੋਰਡ ਦੇ ਉਪ ਨਿਯਮਾਂ, ਆਰਟੀਕਲ 2, ਸੈਕਸ਼ਨ 2.2.2, ਦਾ ਹਵਾਲਾ ਦਿੱਤਾ।

Facebook ਨੇ ਬੋਰਡ ਦੇ ਇਸ ਸਵਾਲ ਦਾ ਜਵਾਬ ਦਿੱਤਾ ਕਿ ਕਿਵੇਂ ਭਾਰਤ ਵਿੱਚ Facebook ਦਾ ਸੰਚਾਲਨ, ਸਰਕਾਰ ਦੇ ਦਬਾਅ ਤੋਂ ਮੁਕਤ ਹੈ। ਕੰਪਨੀ ਨੇ ਦੱਸਿਆ ਕਿ ਕਰਮਚਾਰੀਆਂ ਨੂੰ ਉਨ੍ਹਾਂ ਦੇ ਖੇਤਰ, ਬਜ਼ਾਰ ਜਾਂ ਗਲੋਬਲ ਨੈਤਿਕਤਾ ਦੇ ਹਿੱਸੇ ਵਜੋਂ ਉਨ੍ਹਾਂ ਦੀ ਭੂਮਿਕਾ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹ ਅਜਿਹੀਆਂ ਪਹਿਲਕਦਮੀਆਂ ਦੀ ਪਾਲਣਾ ਕਰਦੇ ਹਨ ਜੋ ਇਮਾਨਦਾਰੀ, ਪਾਰਦਰਸ਼ਿਤਾ, ਅਖੰਡਤਾ, ਜਵਾਬਦੇਹੀ ਅਤੇ ਨੈਤਿਕ ਮੁੱਲਾਂ ਦੀ ਸੰਸਕ੍ਰਿਤੀ ਨੂੰ ਵਧਾਵਾ ਦਿੰਦੀਆਂ ਹਨ। ਇਸ ਤੋਂ ਇਲਾਵਾ, Facebook ਦੇ ਕਰਮਚਾਰੀ, ਰਹਿਤ ਮਰਿਆਦਾ ਅਤੇ ਭ੍ਰਿਸ਼ਟਾਚਾਰ ਵਿਰੋਧੀ ਨੀਤੀ ਨਾਲ ਬੱਝੇ ਹੋਏ ਹਨ।

ਬੋਰਡ ਸਮੱਗਰੀ ਦਾ ਸੰਤੁਲਨ ਕਾਇਮ ਰੱਖਣ ਸੰਬੰਧੀ ਫ਼ੈਸਲਿਆਂ ਦੀ ਸਮੀਖਿਆ ਦੀਆਂ ਪ੍ਰਕਿਰਿਆਵਾਂ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ, ਜਿਸ ਵਿੱਚ ਆਡਿਟ ਕਰਨਾ, ਮੈਨੂਅਲ ਅਤੇ ਸਵੈਚਾਲਿਤ ਫ਼ੈਸਲੇ ਲੈਣ ਵਿੱਚ ਕਿਸੇ ਪੱਖਪਾਤ ਦੀ ਪੜਤਾਲ ਕਰਕੇ ਉਸਨੂੰ ਸਹੀ ਕਰਨਾ ਸ਼ਾਮਲ ਹੈ, ਖ਼ਾਸਕਰ ਮੁਸ਼ਕਿਲਾਂ ਅਤੇ ਅਸ਼ਾਂਤੀ ਦਾ ਸਾਹਮਣਾ ਕਰ ਰਹੇ ਸਥਾਨਾਂ ਦੇ ਸੰਬੰਧ ਵਿੱਚ। ਅਜਿਹੇ ਮੁੱਲਕਣਾਂ ਵਿੱਚ ਸਰਕਾਰਾਂ ਅਤੇ ਗੈਰ-ਰਾਜ ਦੇ ਅਦਾਕਾਰਾਂ ਵੱਲੋਂ ਗਲਤ ਤਰੀਕੇ ਨਾਲ ਅਸੰਤੁਸ਼ਟੀ ਦੀ ਰਿਪੋਰਟ ਕਰਨ ਲਈ, ਆਪਸੀ ਤਾਲਮੇਲ ਰਾਹੀਂ ਬਣਾਈਆਂ ਮੁਹਿੰਮਾਂ ਦੀ ਸਮਰੱਥਾ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਇਸ ਖੇਤਰ ਵਿੱਚ Facebook ਦੀਆਂ ਕਾਰਵਾਈਆਂ ਦੀ ਜਨਤਕ ਪੜਤਾਲ ਨੂੰ ਸੁਨਿਸ਼ਚਿਤ ਕਰਨ ਲਈ, ਪਾਰਦਰਸ਼ਿਤਾ ਜ਼ਰੂਰੀ ਹੈ। Facebook ਦੀ ਪਾਰਦਰਸ਼ੀ ਰਿਪੋਰਟਿੰਗ ਕਰਕੇ ਬੋਰਡ ਜਾਂ ਮੁੱਲਾਂਕਣ ਕਰਨ ਵਾਲੇ ਹੋਰ ਅਧਿਕਾਰੀਆਂ ਲਈ ਇਹ ਪਤਾ ਲਗਾਉਣਾ ਔਖਾ ਹੈ ਕਿ ਖ਼ਤਰਨਾਕ ਵਿਅਕਤੀ ਅਤੇ ਸੰਸਥਾਵਾਂ ਦੀ ਨੀਤੀ ਨੂੰ ਲਾਗੂ ਕਰਨ ਦਾ ਅਸਰ, ਭਾਰਤ ਵਿੱਚ ਸਿਰਫ ਘੱਟ-ਗਿਣਤੀ ਦੀ ਭਾਸ਼ਾ ਬੋਲਣ ਵਾਲੇ ਸਪੀਕਰਾਂ 'ਤੇ ਪੈਂਦਾ ਹੈ ਜਾਂ ਨਹੀਂ। ਬਹਿਸ ਬਾਰੇ ਸੂਚਿਤ ਕਰਨ ਲਈ, Facebook ਨੂੰ ਹੋਰ ਡੇਟਾ ਜਨਤਕ ਅਤੇ ਉਸਦੇ ਮਤਲਬ ਦਾ ਵਿਸ਼ਲੇਸ਼ਣ ਪ੍ਰਦਾਨ ਕਰਨਾ ਚਾਹੀਦਾ ਹੈ।

## 9. ਓਵਰਸਾਈਟ ਬੋਰਡ ਦਾ ਫ਼ੈਸਲਾ

ਬੋਰਡ, ਪੋਸਟ ਹਟਾਉਣ ਸੰਬੰਧੀ Facebook ਦੇ ਫ਼ੈਸਲੇ ਨੂੰ ਪਲਟਦਾ ਹੈ ਅਤੇ ਉਹ ਚਾਹੁੰਦਾ ਹੈ ਕਿ ਪੋਸਟ ਨੂੰ ਮੁੜ-ਬਹਾਲ ਕੀਤਾ ਜਾਵੇ। ਬੋਰਡ ਦੱਸਦਾ ਹੈ ਕਿ Facebook ਨੇ ਪਹਿਲਾਂ ਹੀ ਇਸ ਨਾਲ ਸੰਬੰਧਿਤ ਕਾਰਵਾਈ ਕਰ ਦਿੱਤੀ ਹੈ।

## 10. ਨੀਤੀ ਸਲਾਹਕਾਰ ਦਾ ਬਿਆਨ

ਹੇਠਲੇ ਸੁਝਾਵਾਂ ਨੂੰ ਗਿਣਤੀ ਮੁਤਾਬਕ ਲਿਖਿਆ ਗਿਆ ਹੈ ਅਤੇ ਬੋਰਡ ਬੇਨਤੀ ਕਰਦਾ ਹੈ ਕਿ Facebook ਹਰੇਕ ਲਈ ਬਣਾਏ ਗਏ ਫਾਰਮੈਟ ਮੁਤਾਬਕ ਜਵਾਬ ਦੇਵੇ।

ਪਹੁੰਚਯੋਗਤਾ

1. Facebook ਨੂੰ ਆਪਣੀਆਂ ਭਾਈਚਾਰਕ ਮਿਆਰਾਂ ਅਤੇ ਅੰਦਰੂਨੀ ਲਾਗੂਕਰਨ ਮਿਆਰਾਂ ਦਾ ਪੰਜਾਬੀ ਵਿੱਚ ਅਨੁਵਾਦ ਕਰਨਾ ਚਾਹੀਦਾ ਹੈ। Facebook ਨੂੰ ਆਪਣੇ ਯੂਜ਼ਰਸ ਵੱਲੋਂ ਬੋਲੀ ਜਾਣ ਵਾਲੀ ਹਰੇਕ ਭਾਸ਼ਾ ਵਿੱਚ ਆਪਣੇ ਭਾਈਚਾਰਕ ਮਿਆਰਾਂ ਨੂੰ ਪਹੁੰਚਯੋਗ ਕਰਨਾ ਚਾਹੀਦਾ ਹੈ। ਇਸ ਨਾਲ Facebook ਦੇ ਉਤਪਾਦਾਂ ਦੀ ਵਰਤੋਂ ਕਰਨ ਵੇਲੇ, ਯੂਜ਼ਰਸ ਲਾਜ਼ਮੀ ਤੌਰ 'ਤੇ ਪਾਲਣਾ ਕੀਤੇ ਜਾਣ ਵਾਲੇ ਨਿਯਮਾਂ ਨੂੰ ਪੂਰੀ ਤਰ੍ਹਾਂ ਸਮਝ ਸਕਣਗੇ। ਇਸ ਨਾਲ ਯੂਜ਼ਰਸ ਲਈ Facebook ਦੇ ਨਾਲ ਅਜਿਹੀ ਸਮੱਗਰੀ ਬਾਰੇ ਗੱਲਬਾਤ ਕਰਨਾ ਸੌਖਾ ਹੋ ਜਾਵੇਗਾ, ਜੋ ਉਨ੍ਹਾਂ ਦੇ ਅਧਿਕਾਰਾਂ ਦੀ ਉਲੰਘਣਾ ਕਰ ਸਕਦੀ ਹੈ।

ਸਮਾਧਾਨ ਦਾ ਅਧਿਕਾਰ

2. ਇਸ ਕੇਸ ਵਿੱਚ, ਬੋਰਡ ਦੇ ਸੁਝਾਵਾਂ ਮੁਤਾਬਕ, 2020-004-IG-UA, Facebook ਨੂੰ ਆਪਣੇ ਕਰਮਚਾਰੀਆਂ ਅਤੇ ਠੇਕੇਦਾਰਾਂ ਦੀ ਸਿਹਤ ਦੀ ਪੂਰੀ ਤਰ੍ਹਾਂ ਰੱਖਿਆ ਕਰਦਿਆਂ, ਕੰਪਨੀ ਨੂੰ ਮਨੁੱਖੀ ਸਮੀਖਿਅਕ ਅਤੇ ਮਨੁੱਖੀ ਅਪੀਲ ਦੀ ਪ੍ਰਕਿਰਿਆ ਨੂੰ ਜਿੰਨੀ ਜਲਦੀ ਮੁਮਕਿਨ ਹੋਵੇ, ਵਿਸ਼ਵ-ਵਿਆਪੀ ਮਹਾਂਮਾਰੀ ਤੋਂ ਪਹਿਲਾਂ ਵਾਲੇ ਪੱਧਰਾਂ ਤੱਕ ਪਹੁੰਚਾਉਣਾ ਚਾਹੀਦਾ ਹੈ।

ਪਾਰਦਰਸ਼ੀ ਰਿਪੋਰਟਿੰਗ

3. ਹਰੇਕ ਭਾਈਚਾਰਕ ਮਿਆਰ ਲਈ ਦੇਸ਼ ਅਤੇ ਭਾਸ਼ਾ ਰਾਹੀਂ ਇਸ ਜਾਣਕਾਰੀ ਨੂੰ ਦੇਖਣਯੋਗ ਬਣਾਉਂਦਿਆਂ, ਗਲਤੀ ਦੀਆਂ ਦਰਾਂ ਬਾਰੇ ਜਨਤਕ ਜਾਣਕਾਰੀ ਵਧਾਉਣ ਲਈ, Facebook ਨੂੰ ਆਪਣੀ ਪਾਰਦਰਸ਼ੀ ਰਿਪੋਰਟਿੰਗ ਵਿੱਚ ਸੁਧਾਰ ਕਰਨਾ ਚਾਹੀਦਾ ਹੈ। ਬੋਰਡ ਇਸ ਗੱਲ 'ਤੇ ਜ਼ੋਰ ਦਿੰਦੇ ਹੋਏ ਕਹਿੰਦਾ ਹੈ ਕਿ ਹੋਰ ਵੱਧ ਵਿਸਤ੍ਰਿਤ ਪਾਰਦਰਸ਼ੀ ਰਿਪੋਰਟਾਂ, ਜਨਤਕ ਥਾਵਾਂ ਦੇ ਖੇਤਰਾਂ ਵਿੱਚ ਸਹਾਇਤਾ ਕਰੇਗੀ, ਜਿੱਥੇ ਗਲਤੀਆਂ ਹੋਰ ਵੀ ਆਮ ਹਨ, ਇਸ ਵਿੱਚ ਘੱਟ-ਗਿਣਤੀਆਂ ਦੇ ਗੁਰੱਪਾਂ 'ਤੇ ਪੈਣ ਵਾਲੇ ਸੰਭਾਵਿਤ ਖ਼ਾਸ ਪ੍ਰਭਾਵ ਵੀ ਸ਼ਾਮਲ ਹਨ ਅਤੇ ਇਹ ਕਾਰਵਾਈ, ਉਨ੍ਹਾਂ ਨੂੰ ਸਹੀ ਕਰਨ ਲਈ, Facebook ਨੂੰ ਸੂਚਿਤ ਵੀ ਕਰੇਗੀ।

***ਕਾਰਜਪ੍ਰਣਾਲੀ ਦਾ ਨੋਟ:**

ਓਵਰਸਾਈਟ ਬੋਰਡ ਦੇ ਫ਼ੈਸਲੇ ਪੰਜ ਮੈਂਬਰਾਂ ਦੇ ਪੈਨਲ ਵੱਲੋਂ ਲਏ ਜਾਂਦੇ ਹਨ ਅਤੇ ਉਨ੍ਹਾਂ ਨੂੰ ਬੋਰਡ ਦੇ ਬਹੁਮਤ ਰਾਹੀਂ ਪ੍ਰਵਾਨਗੀ ਦਿੱਤੀ ਜਾਂਦੀ ਹੈ। ਇਹ ਜ਼ਰੂਰੀ ਨਹੀਂ ਕਿ ਬੋਰਡ ਦੇ ਫ਼ੈਸਲੇ ਸਾਰੇ ਮੈਂਬਰਾਂ ਦੀ ਵਿਅਕਤੀਗਤ ਰਾਏ ਦੱਸਣ।

ਇਸ ਕੇਸ ਦੇ ਫ਼ੈਸਲੇ ਲਈ, ਬੋਰਡ ਦੀ ਤਰਫੋਂ ਸੁਤੰਤਰ ਖੋਜ ਕੀਤੀ ਗਈ ਸੀ। University of Gothenburg ਵਿੱਖੇ ਇੱਕ ਸੁਤੰਤਰ ਖੋਜ ਸੰਸਥਾਨ ਅਤੇ ਛੇ ਮਹਾਂਦੀਪਾਂ 'ਤੇ 50 ਤੋਂ ਵੱਧ ਸਮਾਜਕ ਵਿਗਿਆਨੀਆਂ ਦੀ ਟੀਮ ਦੇ ਨਾਲ-ਨਾਲ ਦੁਨੀਆ ਭਰ ਦੇ 3,200 ਤੋਂ ਵੱਧ ਦੇਸ਼ ਮਾਹਰਾਂ ਨੇ ਸਮਾਜਕ-ਰਾਜਨੀਤਿਕ ਅਤੇ ਸਭਿਆਚਾਰਕ ਪ੍ਰਸੰਗ 'ਤੇ ਆਪਣੀ ਰਾਏ ਦਿੱਤੀ। The company Lionbridge Technologies, LLC ਨੇ, ਜਿਸ ਵਿੱਚ 350 ਤੋਂ ਵੱਧ ਭਾਸ਼ਾਵਾਂ ਦੇ ਮਾਹਰ ਹਨ ਅਤੇ ਦੁਨੀਆ ਭਰ ਦੇ 5,000 ਸ਼ਹਿਰਾਂ ਤੋਂ ਕੰਮ ਕਰਦੇ ਹਨ, ਭਾਸ਼ਾਈ ਮੁਹਾਰਤ ਨਾਲ ਸਹਿਯੋਗ ਦਿੱਤਾ।